27-Nov-Sunday.qxd 11/26/2022 10:04 PM Page 1



ਕੌਣ ਸੀ ਸਾਵਰਕਰ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

ਸੁੰਨਤਿ ਕੀਏ ਤੁਰਕੁ ਜੋ ਹੋਇਆ
ਅਉਰਤ ਕਾ ਕਿਆ ਕਰੀਐ
ਅਰਧ ਸਰੀਰੀ ਨਾਰਿ ਨ ਛੋਡੈ
ਤਾ ਤੇ ਹਿੰਦੂ ਹੀ ਰਹੀਐ

- ਸੰਤ ਕਬੀਰ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 27 ਨਵੰਬਰ 2022

www.nawanzamana.in

ਕੀਮਤ 5.00 ਰੁਪਏ

ਸਮਕਾਲੀ ਚਿੰਤਨ

ਕਾਮਰੇਡ ਜਗਰੂਪ

ਕੁਦਰਤ ਅਤੇ ਸਮਾਜਕ ਦਵੰਦਵਾਦ ਦੇ ਨੇਮ ਤੇ ਸੱਤਾ -10

ਬੁਰਜੂਆਜ਼ੀ ਦੀ ਆਖਰੀ, ਅੰਤਲੀ ਜਾਂ ਉੱਚਤਮ ਮੰਜ਼ਲ ਦਾ "ਵਿਸ਼ਲੇਸ਼ਣ ਅਤੇ ਸੰਸਲੇਸ਼ਣ" ਦਾ ਵਿਖਿਆਨ ਮਾਰਕਸਵਾਦ ਦੇ ਬਿਹਤਰੀਨ ਅਧਿਆਪਕ ਆਗੂ ਲੈਨਿਨ ਨੇ ਆਪਣੀ ਪੁਸਤਕ "ਸਾਮਰਾਜਵਾਦ, ਸਰਮਾਏਦਾਰੀ ਦੀ ਅੰਤਮ ਅਵਸਥਾ" ਵਿੱਚ ਕੀਤਾ ਹੈ।

ਸਰਮਾਏਦਾਰੀ ਦੇ ਵਿਕਾਸ ਦੀਆਂ ਮੰਜ਼ਲਾਂ (stages) ਹਨ। ਸ਼ੁਰੂ ਵਿੱਚ ਸਰਮਾਏਦਾਰੀ ਪੈਦਾਵਾਰੀ ਢੰਗ ਸਮਾਜ ਦੇ ਪ੍ਰਸੰਗ ਵਿੱਚ ਅੱਗੇਵਧੂ ਇਨਕਲਾਬੀ ਸੀ, ਪਰ ਕਿਰਤ ਦੀ ਲੁੱਟ ਦੇ ਅਧਾਰਤ ਸੀ। ਆਮ ਸਧਾਰਨ (simple) ਸਰਮਾਏਦਾਰੀ ਰੂਪ, ਜਿਸ ਵਿੱਚ ਖੁੱਲ੍ਹਾ ਮੁਕਾਬਲਾ ਸੀ, ਤੋਂ ਨਵੇਂ "ਇਜਾਰੇਦਾਰੀ" (1870ਵਿਆਂ 'ਚ) ਰੂਪ ਧਾਰਨ ਨਾਲ ਕੱਚੇ ਮਾਲ ਦੇ ਉਤਪਾਦਕਾਂ (ਕਿਸਾਨਾਂ) ਅਤੇ ਖਪਤਕਾਰਾਂ ਨੂੰ ਆਪਣੀ ਲੁੱਟ ਦਾ ਸਿੱਧਾ ਵਿਸਥਾਰ ਤੇ ਸ਼ਿਕਾਰ ਬਣਾ ਲਿਆ।

ਏਕਾਅਧਿਕਾਰ (monopoly), ਸਰਮਾਏਦਾਰੀ ਦੇ "ਨਾ-ਬਰਾਬਰ" (uneven) ਵਿਕਾਸ ਦਾ ਨਤੀਜਾ ਹੁੰਦਾ ਹੈ। ਪਹਿਲਾਂ ਕਿਸੇ ਇਕ ਕਿੱਤੇ ਵਿੱਚ ਪੈਦਾਵਾਰ ਦਾ "ਏਕਾ-ਅਧਿਕਾਰ" ਬਣਦਾ ਹੈ। ਉਸ ਦਾ ਮਾਲਕ ਜਾਂ ਕੋਈ ਹੋਰ ਬਾਕੀ ਕਿੱਤਿਆਂ ਵਿੱਚ ਸਰਮਾਇਆ ਲਾ ਕੇ ਉੱਥੇ ਵੀ ਏਕਾਅਧਿਕਾਰ ਬਣਾਉਣ ਦੀ ਸੋਚ ਨੂੰ ਅਮਲ ਦਿੰਦਾ ਹੈ। ਇਵੇਂ ਪਹਿਲਾਂ ਕਿਸੇ ਇਕ ਦੇਸ਼ ਵਿੱਚ ਅਜਿਹਾ ਅਮਲ ਵਾਪਰਦਾ ਹੈ, ਫਿਰ ਅੱਗੇ ਵਧਦਾ ਹੈ।

ਸਰਮਾਇਆ ਵੱਧ ਮੁਨਾਫੇ ਵਾਲੇ ਖੇਤਰ ਨੂੰ ਚੁਣਦਾ ਹੈ।

ਜਦੋਂ ਕਿਸੇ ਇਕ ਦੇਸ਼ ਵਿੱਚ ਏਕਾ-ਅਧਿਕਾਰ ਦੀ ਸਥਿਤੀ ਬਣਦੀ ਹੈ ਤਾਂ ਉਸ ਦੇਸ਼ ਵਿੱਚ, ਉਸ ਕਿੱਤੇ ਵਿੱਚ ਨਵੀਂ ਇਨਵੈਸਟਮੈਂਟ ਦਾ ਰਾਹ ਰੁਕ ਜਾਂਦਾ ਹੈ। ਇਹ "ਵਧੇਰੇ ਪੱਕ" ਚੁੱਕੀ ਸਰਮਾਏਦਾਰੀ ਦਾ ਵਰਤਾਰਾ ਹੈ।

ਸਰਮਾਇਆ ਅਵਿਕਸਿਤ ਮੁਲਕਾਂ ਵੱਲ ਮੁਹਾਨ ਕਰਦਾ ਹੈ। ਇਸ ਨੂੰ "ਸਰਮਾਏ ਦਾ ਬਰਾਮਦ" (Export of capital) ਸੱਦਿਆ ਜਾਂਦਾ ਹੈ। ਇਸ ਲਈ ਬਹੁਤੇ ਸਰਮਾਏ ਦੀ ਲੋੜ ਪੂਰਤੀ ਲਈ ਬੈਂਕਾਂ ਦਾ ਸਰਮਾਇਆ ਵਰਤਿਆ ਜਾਂਦਾ ਹੈ। ਸਰਮਾਏ ਦੀ ਬਰਾਮਦ ਵਾਸਤੇ ਵੱਡੀ ਲੋੜ ਪੂਰਤੀ ਲਈ ਬੈਂਕਾਂ ਅਤੇ ਸਨਅਤੀ ਸਰਮਾਇਆ ਇਕ-ਮਿੱਕ ਹੋ ਜਾਂਦਾ ਹੈ।

ਇਸ ਤਰ੍ਹਾਂ "ਵਿੱਤੀ ਸਰਮਾਇਆ" ਮਹੱਤਵ ਹਾਸਲ ਕਰ ਜਾਂਦਾ ਹੈ। ਲੈਨਿਨ ਨੇ ਆਪਣੀ ਖੋਜ ਅਤੇ ਵਿਖਿਆਨ ਭਰਪੂਰ ਪੁਸਤਕ ਵਿੱਚ ਦਰਜ ਕੀਤਾ ਕਿ:

[["ਪੁਰਾਣੀ ਸਰਮਾਏਦਾਰੀ ਦੇ ਜ਼ਮਾਨੇ ਵਿੱਚ, ਜਦੋਂ ਖੁੱਲ੍ਹੇ ਮੁਕਾਬਲੇ ਦਾ ਰਾਜ ਸੀ, ਮਾਲ ਦੀ ਬਰਾਮਦ ਉਸ ਦਾ ਉਚੇਚਾ ਖਾਸਾ ਸੀ। ਸਰਮਾਏਦਾਰੀ ਦੀ ਸਭ ਤੋਂ ਨਵੀਂ ਅਵਸਥਾ ਵਿੱਚ, ਜਦੋਂ ਕਿ ਇਜਾਰੇਦਾਰੀਆਂ ਦਾ ਰਾਜ ਹੈ, ਸਰਮਾਏ ਦੀ ਬਰਾਮਦ ਉਸ ਦਾ ਉਚੇਚਾ ਖਾਸਾ ਹੈ।...." ਸਰਮਾਏ ਦੀ ਬਰਾਮਦ ਕਰਨ ਦੀ ਲੋੜ ਇਸ ਗੱਲ ਤੋਂ ਪੈਦੀ ਹੈ ਕਿ ਕੁਝ ਗਿਣੇ-ਮਿੱਥੇ ਦੇਸ਼ਾਂ ਵਿੱਚ ਸਰਮਾਏਦਾਰੀ "ਲੋੜ ਤੋਂ ਵੱਧ ਪੱਕ ਚੁੱਕੀ ਹੈ" ਅਤੇ (ਖੇਤੀਬਾੜੀ ਦੀ ਪੱਛੜੀ ਹੋਈ ਹਾਲਤ ਤੇ ਸਧਾਰਨ ਜਨਤਾ ਦੀ ਕੰਗਾਲੀ ਦੇ ਕਾਰਨ) ਸਰਮਾਏ ਨੂੰ "ਲਾਭਦਾਇਕ" ਢੰਗ ਨਾਲ ਲਾਉਣ ਲਈ ਖੇਤਰ ਨਹੀਂ ਮਿਲਦਾ।

"ਇਸ ਤਰ੍ਹਾਂ ਵੀਹਵੀਂ ਸਦੀ ਦਾ ਅਰੰਭ ਉਸ ਮੋੜ ਦਾ ਸੂਚਕ ਹੈ, ਜਿਸ ਤੋਂ ਪੁਰਾਣੀ ਸਰਮਾਏਦਾਰੀ, ਨਵੀਂ ਸਰਮਾਏਦਾਰੀ ਦੀ ਸੇਧ ਵਿੱਚ, ਆਮ ਤੌਰ 'ਤੇ ਸਰਮਾਏ ਦਾ ਦਾਬਾ, ਮਾਲੀ ਸਰਮਾਏ ਦੇ ਦਾਬੇ ਦੀ ਸੇਧ ਵਿੱਚ ਮੁੜ ਗਿਆ।"]]

ਇਕ ਸਦੀ ਤੋਂ ਵਧੇਰੇ ਸਮਾਂ ਹੋ ਗਿਆ ਜਦੋਂ ਮਾਲੀ ਸਰਮਾਏ ਦੇ ਦਾਬੇ ਦੀ ਸੇਧ ਵਿੱਚ ਮੋੜ ਕੱਟ ਹੋ ਗਿਆ ਸੀ। ਹੁਣ ਮਾਲੀ ਸਰਮਾਏ ਦੀ ਬਹੁਤਾਤ ਨਾਲ "ਮਾਲੀ ਸਰਮਾਏ ਦਾ ਦਾਬਾ", ਦਾਬੇ ਤੋਂ ਧੌਂਸ (domination to threat) ਬਣ ਗਿਆ ਹੈ। ਮਾਲੀ ਸਰਮਾਏ (Finance capital) ਦਾ ਤੰਦੂਆ-ਜਾਲ ਐਨਾ ਵਿਸ਼ਾਲ, ਫੈਲਿਆ ਹੈ ਕਿ ਕੋਈ ਵੀ ਇਸ ਦੀ ਮਾਰ ਤੋਂ ਬਾਹਰ ਨਹੀਂ ਹੈ। ਕਰਜ਼ੇ ਕਾਰਨ ਖੁਦਕੁਸ਼ੀਆਂ, ਮਾਈਕਰੋ ਫਾਈਨਾਂਸ ਕੰਪਨੀਆਂ ਦੀ ਲੁੱਟ ਦਾ ਸ਼ਿਕਾਰ ਔਰਤਾਂ ਦੇ ਕਿੱਸੇ, ਉਹਨਾਂ ਦੀ ਦੁਰਦਸ਼ਾ ਅਤੇ ਖੁਦਕੁਸ਼ੀਆਂ ਤੱਕ ਦਾ ਜ਼ਿਕਰ ਸੁਰਖੀਆਂ ਬਣ ਚੁੱਕਾ ਹੈ।

ਲੈਨਿਨ ਨੇ ਕੇਵਲ ਜਾਣਕਾਰੀ ਲਈ ਕਿਤਾਬ ਨਹੀਂ ਲਿਖੀ ਸੀ। ਉਸ ਨੇ ਵਿੱਤੀ ਸਰਮਾਏ (Finance-capital) ਦੇ ਵਾਧੇ ਦੀ ਨੀਤੀ ਨੂੰ "ਸਾਮਰਾਜਵਾਦ" ਦਾ ਨਾਂਅ ਦਿੱਤਾ ਸੀ ਅਤੇ ਇਸ ਦਾ ਵਿਰੋਧ ਕਰਨ ਦਾ ਨਾਹਰਾ; "ਸਾਮਰਾਜਵਾਦ-ਮੁਰਦਾਬਾਦ" ਉੱਚਾ ਕੀਤਾ ਸੀ। ਸਾਮਰਾਜਵਾਦ ਦੇ ਵਿਰੋਧ ਦੀ ਨੀਤੀ ਵਿੱਚੋਂ ਦੋ ਉਦੇਸ਼ਾਂ ਦੀ ਪੂਰਤੀ ਚਿਤਵ ਹੁੰਦੀ ਸੀ।

ਪਹਿਲਾ) ਸਾਮਰਾਜੀ ਦੇਸ਼ਾਂ (ਬਰਤਾਨੀਆ, ਫਰਾਂਸ, ਸਪੇਨ, ਪੁਰਤਗਾਲ ਅਤੇ ਹਾਲੈਂਡ) ਅੰਦਰ ਉਸ ਦੇ ਆਪਣੇ ਕਿਰਤੀ ਵਰਗ ਨੇ "ਰਾਜ ਸੱਤਾ" ਲਈ ਜਮਾਤੀ ਘੋਲ ਦੇ ਰਾਹ ਪੈਣਾ ਸੀ, ਜਿਹੜਾ ਕਿ ਰੂਸ ਦੇ ਇਨਕਲਾਬ ਨੇ ਕਰਕੇ ਵਿਖਾਇਆ ਸੀ।

ਪੁਰਾਣੀ ਸਰਮਾਏਦਾਰੀ ਦੇ ਜ਼ਮਾਨੇ ਵਿੱਚ, ਜਦੋਂ ਖੁੱਲ੍ਹੇ ਮੁਕਾਬਲੇ ਦਾ ਰਾਜ ਸੀ, ਮਾਲ ਦੀ ਬਰਾਮਦ ਉਸ ਦਾ ਉਚੇਚਾ ਖਾਸਾ ਸੀ।

ਦੂਜਾ) ਬਸਤੀਵਾਦ ਦੇ ਖਾਤਮੇ ਅਤੇ ਕੌਮੀ ਆਜ਼ਾਦੀ ਦੀ ਲੜਾਈ ਦੇ ਜਿੱਤਣ ਦੇ ਉਸਾਰ ਤੇਜ਼ ਹੋਣ ਅਤੇ ਜਿੱਤਣ ਨਾਲ ਬਸਤੀਵਾਦ ਢਹਿ-ਢੇਰੀ ਹੋਣਾ ਸੀ। ਮਨੁੱਖਤਾ ਨੇ ਸੁੱਖ ਦਾ ਸਾਹ ਲੈਣਾ ਸੀ। ਵਿਕਾਸ ਦਾ ਰਾਹ ਖੁੱਲ੍ਹਣਾ ਸੀ।

ਇਸ ਦ੍ਰਿਸ਼ਟੀ ਤੋਂ ਵਿਚਾਰਿਆਂ ਸਾਡੇ (ਹਿੰਦੀ) "ਗਦਰੀ ਬਾਬਿਆਂ" ਦਾ ਕੀਰਤੀਮਾਨ ਬੁਲੰਦੀਆਂ ਛੂਹ ਜਾਂਦਾ ਹੈ, ਜਿਹਨਾਂ ਇਸ ਸੋਚ ਨੂੰ ਅਮਲ ਵਿਚ ਲਿਆ ਅਤੇ ਸਾਮਰਾਜਵਾਦ ਨੂੰ ਚੁਣੌਤੀ ਦਿੱਤੀ ਸੀ। ਇਹੀ ਕਾਰਨ ਸੀ ਕਿ ਬਸਤੀਵਾਦ ਤੋਂ ਸਾਮਰਾਜਵਾਦੀ ਬਣ ਰਹੇ ਬਰਤਾਨੀਆ ਨੇ ਆਜ਼ਾਦੀ ਘੁਲਾਟੀਆਂ ਨੂੰ ਤਸ਼ੱਦਦ ਦਾ ਵਿਸ਼ੇਸ਼ ਸ਼ਿਕਾਰ ਬਣਾਇਆ ਸੀ ਅਤੇ ਸਬਕ ਸਿਖਾਉਣ ਦੀ ਮਨਸ਼ਾ ਨਾਲ ਜਲ੍ਹਿਆਂਵਾਲਾ ਬਾਗ ਦਾ ਕਾਂਡ ਕੀਤਾ ਸੀ।

ਪੰਜ ਸਾਮਰਾਜਵਾਦੀ ਦੇਸ਼ਾਂ ਦੀ ਸੰਸਾਰ-ਵੰਡ ਵਿਚ ਸਮੁੱਚਾ ਭਾਰਤ ਹੀ ਲੁੱਟ ਲਈ ਬਰਤਾਨੀਆ ਦੇ ਹਿੱਸੇ ਆਇਆ ਸੀ। ਗਦਰੀਆਂ ਦੀ ਅਗਲੀ ਕੜੀ ਦਾ ਹੀਰੋ ਭਗਤ ਸਿੰਘ ਇਸ ਸਚਾਈ ਨੂੰ ਬਾਖੂਬੀ ਜਾਣ ਗਿਆ ਸੀ। ਇਸੇ ਲਈ ਉਹ ਤੇ ਉਸ ਦੇ ਸਾਥੀ ਅੰਗਰੇਜ਼ੀ ਰਾਜ ਦਾ ਜਲਦ ਖਾਤਮਾ ਚਾਹੁੰਦੇ ਸਨ। ਉਹਨਾਂ ਦਾ ਜੁੜਵਾਂ ਨਾਹਰਾ; "ਸਾਮਰਾਜਵਾਦ-ਮੁਰਦਾਬਾਦ, ਇਨਕਲਾਬ ਜ਼ਿੰਦਾਬਾਦ" ਉਹਨਾਂ ਦੀ ਚੇਤਨ ਸਰਗਰਮੀ ਬਾਰੇ ਸਾਰੀ ਸ਼ੱਕ-ਸੁਬ੍ਹਾ ਦੀ ਗੁੰਜਾਇਸ਼ ਮੁਕਾ ਦਿੰਦੇ ਹਨ।

ਜੇ ਸਾਮਰਾਜਵਾਦ ਨਹੀਂ ਰੋਕ ਹੁੰਦਾ ਤਾਂ ਕੀ ਨਤੀਜੇ ਚਿਤਵੇ ਸਨ ਲੈਨਿਨ ਨੇ ਆਪਣੀ ਕਿਤਾਬ ਵਿਚ, ਉਹ, (ਕੱਟੜਤਾ ਦੇ ਇਲਜ਼ਾਮ ਤੋਂ ਸਾਵਧਾਨੀ ਲਈ ਗੈਰ ਮਾਰਕਸਵਾਦੀ ਵਿਦਵਾਨ) ਹਾਬਸਨ ਦਾ ਹਵਾਲਾ ਦਰਜ ਕਰਦੇ ਹਨ :

"ਰਾਈਸਜ਼ਾਦਿਆਂ ਦੇ ਛੋਟੇ-ਛੋਟੇ ਗਰੋਹ ਜਿਹੜੇ ਦੂਰ ਪੂਰਬ ਤੋਂ ਡਿਵੀਡੈਂਡ ਤੇ ਪੈਨਸ਼ਨਾਂ ਵਸੂਲ ਕਰਨਗੇ, ਇਸ ਤੋਂ ਕੁਝ ਵੱਡਾ ਗਰੋਹ ਪੇਸ਼ਾਵਰ ਸੇਵਕਾਂ ਤੇ ਵਪਾਰੀਆਂ ਦਾ ਹੋਵੇਗਾ ਅਤੇ ਇਕ ਬਹੁਤ ਵੱਡਾ ਗਰੋਹ ਜਾਤੀ ਨੌਕਰਾਂ ਤੇ ਆਵਾਜਾਈ ਦੇ ਕਾਰਕੁਨਾਂ ਤੇ ਬਹੁਤ ਛੋਤੀ ਖਰਾਬ ਹੋ ਜਾਣ ਵਾਲੀਆਂ ਵਸਤਾਂ ਦੀ ਉਪਜ ਦੇ ਅਖੀਰਲੇ ਕੰਮਾਂ ਵਿੱਚ ਲੱਗੇ ਕਰਮਚਾਰੀਆਂ ਦਾ ਹੋਵੇਗਾ ।"...

"ਅਸੀਂ ਪੱਛਮੀ ਰਾਜਾਂ ਦੇ ਇਸ ਤੋਂ ਵੀ ਵੱਡੇ ਗੱਠ-ਜੋੜ ਦੀ, ਉਸ ਯੂਰਪੀ ਫੈਡਰੇਸ਼ਨ ਦੀ ਸੰਭਾਵਨਾ ਦਾ ਪਹਿਲਾਂ ਤੋਂ ਹੀ ਜ਼ਿਕਰ ਕਰ ਦਿੱਤਾ ਹੈ, ਜੋ ਕਿ ਹੁਣ ਸੰਸਾਰ ਸੱਭਿਅਤਾ ਦੇ ਉਦੇਸ਼ ਨੂੰ ਅੱਗੇ ਲੈ ਜਾਣ ਦੀ ਥਾਂ, ਸੰਭਵ ਹੈ, ਪੱਛਮੀ ਪਰਜੀਵਤਾ ਦਾ ਵਿਸ਼ਾਲ ਸੰਕਟ ਖੜਾ ਕਰ ਦੇਵੇ।

ਇਹ ਉਹਨਾਂ ਉੱਨਤ ਸਨਅਤੀ ਕੌਮਾਂ ਦਾ ਗਰੋਹ ਹੋਵੇਗਾ, ਜਿਹਨਾਂ ਦੀਆਂ ਉਤਲੀਆਂ ਜਮਾਤਾਂ ਏਸ਼ੀਆ ਤੇ ਅਫਰੀਕਾ ਤੋਂ ਨਜ਼ਰਾਨਾ (ਤੋਹਫੇ) ਵਸੂਲ ਕਰਨਗੀਆਂ, ਜਿਸ ਦੀ ਮਦਦ ਨਾਲ ਉਹ ਉਹਨਾਂ ਬਹੁਤ ਹੀ ਵੱਡੀ ਗਿਣਤੀ ਵਾਲੇ ਸੇਵਕਾਂ ਦੀ ਪਾਲਣਾ-ਪੋਸ਼ਣਾ ਕਰਨਗੀਆਂ, ਜਿਨ੍ਹਾਂ ਤੋਂ ਖੇਤੀਬਾੜੀ ਤੇ ਕਾਰਖਾਨਿਆਂ ਦੀਆਂ ਮੁਖੀ ਸਨਅਤਾਂ ਵਿੱਚ ਕੰਮ ਨਹੀਂ ਲਿਆ ਜਾਏਗਾ, ਸਗੋਂ ਉਹ ਇਕ ਨਵੀਂ ਮਾਲੀ ਰਈਸ ਜਮਾਤ ਦੇ ਕੰਟਰੋਲ ਹੇਠ ਨਿੱਜੀ ਜਾਂ ਛੋਟੀਆਂ-ਮੋਟੀਆਂ ਸਨਅਤੀ ਸੇਵਾਵਾਂ ਕਰਿਆ ਕਰਨਗੇ।"

ਇਕ ਸਦੀ ਪਿੱਛੋਂ ਇਹ ਸੱਚ ਮੂੰਹ ਚੜ੍ਹ ਕੇ ਬੋਲ ਰਿਹਾ ਹੈ। ਹੁਣ ਮਾਲ ਏਸ਼ੀਆ (ਚੀਨ) ਤੋਂ, ਸੇਵਾਵਾਂ ਏਸ਼ੀਆ ਤੇ ਅਫਰੀਕਾ ਤੋਂ ਪੂਰੀਆਂ ਹੋ ਰਹੀਆਂ ਹਨ। ਅਜੋਕਾ ਪ੍ਰਵਾਸ ਉਸ "ਕਹੇ" ਦੀ ਤਸਦੀਕ ਕਰਦਾ ਹੈ।

ਵਿੱਤੀ ਸਰਮਾਏ ਦੇ ਮਾਲਕ ਮੁਲਕਾਂ ਬਾਰੇ :

"ਸਾਮਰਾਜ ਦੀਆਂ ਪ੍ਰਵਿਰਤੀਆਂ ਵਿੱਚ ਇਕ ਵਜੋਂ, "ਲਾਭ ਅੰਸ਼ਾਂ ਉੱਤੇ ਜਿਉਣ ਵਾਲੇ ਰਾਜ", ਸੂਦਖੋਰ ਰਾਜ ਦੀ ਸਿਰਜਣਾ ਦਿਨੋਂ-ਦਿਨ ਵਧੇਰੇ ਉੱਘੜਵੀਂ ਤਰ੍ਹਾਂ ਸਾਹਮਣੇ ਆਉਂਦੀ ਹੈ, ਜਿਸ ਵਿੱਚ ਬੁਰਜੂਆਜ਼ੀ ਸਦਾ ਵਧਦੀ ਹੱਦ ਤੱਕ ਸਰਮਾਏ ਦੀ ਬਰਾਮਦ ਤੋਂ ਹੁੰਦੀ ਆਮਦਨ ਉੱਤੇ "ਪਰਚੀਆਂ ਪਾੜ ਕੇ" ਜਿਉਂਦੀ ਹੈ। ਇਹ ਸੋਚਣਾ ਭੁੱਲ ਹੋਵੇਗੀ ਕਿ ਪਤਨ ਦਾ ਇਹ ਮੁਹਾਣ ਸਰਮਾਏਦਾਰੀ ਦੇ ਤੇਜ਼ ਵਾਧੇ ਨੂੰ ਰੋਕ ਦਿੰਦਾ ਹੈ। ਇਹ ਨਹੀਂ ਰੋਕਦਾ। ਸਮੁੱਚੇ ਤੌਰ ਉੱਤੇ ਸਰਮਾਏਦਾਰੀ ਪਹਿਲਾਂ ਨਾਲੋਂ ਕਿਤੇ ਵਧੇਰੇ ਤੇਜ਼ੀ ਨਾਲ ਵਧ ਰਹੀ ਹੈ, ਪਰ ਇਹ ਵਾਧਾ ਆਮ ਤੌਰ ਉੱਤੇ ਨਾ ਸਿਰਫ ਦਿਨੋਂ-ਦਿਨ ਵਧੇਰੇ ਅਸਾਵਾਂ ਹੀ ਹੁੰਦਾ ਜਾ ਰਿਹਾ ਹੈ, ਸਗੋਂ ਇਸ ਦਾ ਅਸਾਵਾਂਪਨ ਖਾਸ ਤੌਰ ਉੱਤੇ ਉਹਨਾਂ ਦੇਸ਼ਾਂ ਦੇ ਪਤਨ ਵਿੱਚ ਪਰਗਟ ਹੁੰਦਾ ਹੈ, ਜਿਹੜੇ ਸਰਮਾਏ ਵਿੱਚ ਸਭ ਤੋਂ ਅਮੀਰ ਹਨ (ਬਰਤਾਨੀਆ)"।

ਸਾਮਰਾਜਵਾਦ ਦੇ ਭਵਿੱਖ ਬਾਰੇ ਵੀ ਇਕ ਸਦੀ ਪਹਿਲਾਂ ਤੋਂ ਭਰਵੀਂ ਬਹਿਸ ਹੁੰਦੀ ਆ ਰਹੀ ਹੈ। ਇਸ ਬਾਰੇ ਅੱਜ ਤੱਕ ਲੈਨਿਨ ਦੇ "ਵਿਸ਼ਲੇਸ਼ਣ ਅਤੇ ਸੰਸਲੇਸ਼ਣ ਦੀ ਏਕਤਾ" ਹੀ ਰਾਹ ਦਰਸਾਉ ਬਣੀ ਹੋਈ ਹੈ।

ਕੀ ਸਾਮਰਾਜ ਪੜ੍ਹ-ਸਾਮਰਾਜ ਬਣ ਜਾਵੇਗਾ ?
ਕੀ ਸੰਸਾਰ ਇਕ ਧਰੁਵੀ ਹੋ ਜਾਵੇਗਾ ?
ਕੀ 'ਅਤਿ-ਸਾਮਰਾਜੀ' ਸਥਿਤੀ ਬਣ ਸਕਦੀ ਹੈ ?
ਇਤਿਆਦਿ ਸਵਾਲ ਹਨ।

ਰੂਸੀ ਵਿਦਵਾਨ ਬੁਖਾਰਨ ਨੇ ਸਦੀ ਪਹਿਲਾਂ ਇਸ ਸੰਬੰਧੀ ਇਕ ਕਿਤਾਬ ਲਿਖੀ, ਜਿਸ ਦੀ ਭੂਮਿਕਾ ਵਿੱਚ ਲੈਨਿਨ ਨੇ ਲਿਖਿਆ :

"ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਵਿਕਾਸ ਦਾ ਰੁਝਾਨ ਇਕ ਇਕਹਿਰੇ ਸੰਸਾਰ ਟਰੱਸਟ ਵੱਲ ਹੈ, ਜਿਹੜਾ ਬਿਨਾਂ ਛੋਟ ਦੇ ਸਾਰੇ ਉਦਮਾਂ ਅਤੇ ਸਾਰੇ ਰਾਜਾਂ ਨੂੰ ਸਮੋ ਲਵੇਗਾ, ਪਰ ਇਹ ਵਿਕਾਸ ਅਜਿਹੀਆਂ ਹਾਲਤਾਂ ਵਿੱਚ, ਅਜਿਹੀ ਤੇਜ਼ੀ ਨਾਲ ਅਤੇ ਨਾ ਕੇਵਲ ਆਰਥਿਕ ਸਗੋਂ ਸਿਆਸੀ, ਕੌਮੀ ਆਦਿ ਅਜਿਹੀਆਂ ਵਿਰੋਧਤਾਈਆਂ ਵਿੱਚੋਂ ਦੀ ਅੱਗੇ ਵਧ ਰਿਹਾ ਹੈ ਕਿ ਇਕ ਸੰਸਾਰ ਟਰੱਸਟ ਦੇ ਰੂਪ ਵਿੱਚ ਆਉਣ ਤੋਂ ਪਹਿਲਾਂ ਕੌਮੀ ਵਿੱਤੀ ਸਰਮਾਇਆਂ ਦਾ 'ਅਤਿ-ਸਾਮਰਾਜੀ', ਸੰਸਾਰ ਵਿਆਪੀ ਮੇਲ ਹੋਣ ਤੋਂ ਪਹਿਲਾਂ ਹੀ ਸਾਮਰਾਜ ਜ਼ਰੂਰੀ ਰੂਪ ਵਿੱਚੋਂ ਫਟ ਜਾਵੇਗਾ ਅਤੇ ਸਰਮਾਏਦਾਰੀ ਆਪਣੇ ਉਲਟ ਵਿੱਚ ਬਦਲ ਜਾਵੇਗੀ।"

ਉਸ (ਲੈਨਿਨ) ਨੇ ਵਿਸ਼ਲੇਸ਼ਣ ਦੇ ਨਾਲ ਚਿਤਾਵਨੀ ਵੀ ਦਿੱਤੀ ਹੋਈ ਹੈ : "ਫਿਰ ਵੀ ਕੀ ਇਸ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਸਾਮਰਾਜ ਤੋਂ ਬਾਅਦ ਅਮੂਰਤ ਰੂਪ ਵਿੱਚ ਸਰਮਾਏਦਾਰੀ ਦਾ 'ਅਤਿ-ਸਾਮਰਾਜਵਾਦ' ਪੜਾਅ ਕਲਪਨਾਯੋਗ ਹੈ ? ਨਹੀਂ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਜਿਹੇ ਕਿਸੇ ਪੜਾਅ ਦੀ ਕਲਪਨਾ ਕੀਤੀ ਜਾ ਸਕਦੀ ਹੈ।

ਪਰ ਅਮਲ ਵਿੱਚ ਇਸ ਦਾ ਮਤਲਬ ਹੋਵੇਗਾ ਮੌਕਾਪ੍ਰਸਤ ਬਣ ਜਾਣਾ।"

ਸਾਮਰਾਜਵਾਦ ਤੋਂ ਅੱਗੇ 'ਅਤਿ-ਸਾਮਰਾਜਵਾਦ' ਪੜਾਅ ਬਣਨ ਤੋਂ ਰੋਕਣ ਲਈ 'ਮੌਕਾਪ੍ਰਸਤ' ਹੋਣ ਤੋਂ ਬਚਣਾ ਹੋਵੇਗਾ, ਭਾਵ ਪਰੋਲਤਾਰੀਏ ਨੇ "ਇਨਕਲਾਬੀ ਜਮਾਤ" ਦੀ ਜ਼ੁੰਮੇਵਾਰੀ ਨਿਭਾਉਣੀ ਹੋਵੇਗੀ। ਇਹ ਇਤਿਹਾਸਕ ਕੰਮ ਦੀ ਤਵੱਕੋ ਕਿਸੇ ਹੋਰ ਤੋਂ ਨਹੀਂ ਕੀਤੀ ਜਾ ਸਕਦੀ ਸਿਵਾਏ ਪਰੋਲਤਾਰੀਏ ਦੇ "ਜਮਾਤੀ ਘੋਲ" ਤੋਂ।

ਮਾਰਕਸਵਾਦੀ ਸਿਧਾਂਤਕ ਮਨੌਤਾਂ ਨਾਲ ਹੀ ਅਗਲੇ ਸਹੀ ਕਦਮ ਪੁੱਟੇ ਜਾਣ ਦੀ ਲੋੜ ਹੈ।

1. 'ਜਮਾਤੀ ਘੋਲ' ਇਤਿਹਾਸ ਦੀ ਚਾਲਕ ਸ਼ਕਤੀ ਹੈ। ਪਰੋਲਤਾਰੀ, ਨਵੇਂ ਸਾਂਝੀਵਾਲ ਸਮਾਜ ਦਾ ਉਸਰੱਈਆ ਹੈ। ਇਸ ਦੇ ਦ੍ਰਿਸ਼ਟੀਕੋਨ ਤੋਂ ਹੀ ਜਮਾਤੀ ਘੋਲ, ਮੁਕਤੀ ਘੋਲ ਬਣ ਜੇਤੂ ਹੁੰਦਾ ਹੈ।

2. ਕਿਰਤ-ਸ਼ਕਤੀ ਨਵੇਂ ਮੁੱਲ ਦੀ ਸਿਰਜਕ ਹੈ। ਇਹ ਸਮੇਂ ਵਿੱਚ ਖਰਚ (ਖਪਤ) ਹੁੰਦੀ ਹੈ। ਬੇਰੁਜ਼ਗਾਰੀ, ਜਮਾਂ ਹੋਈ "ਫਾਲਤੂ" ਕਿਰਤ ਸ਼ਕਤੀ ਦਾ ਨਤੀਜਾ ਤੇ ਵਿਨਾਸ਼ ਹੈ।

3. ਕੁੱਲ ਜਮ੍ਹਾਂ ਸਰਮਾਇਆ, ਜਮ੍ਹਾਂ ਹੋਈ ਮੁਰਦਾ ਕਿਰਤ ਸ਼ਕਤੀ ਹੈ। ਇਹ ਨਾ ਅਦਾ ਕੀਤੀਆਂ ਉਜਰਤਾਂ ਦਾ ਜੋੜ ਫਲ ਹੈ। ਇਹ ਲੁੱਟ ਦਾ ਜਮਾਵੜਾ ਹੈ। ਇਸ ਦਾ ਅਜੋਕਾ ਰੂਪ "ਮਾਲੀ ਸਰਮਾਇਆ" (Finance Capital) ਹੈ। ਜਿਸ ਦਾ ਲੱਛਣ "ਪਰਜੀਵੀਤਾ" (parasitic) ਹੈ। ਇਹ ਦੂਜਿਆਂ ਨੂੰ ਖਾ ਕੇ ਵਧਦਾ ਹੈ।

ਕਿੱਥੋਂ ਸ਼ੁਰੂ ਕਰੀਏ ?

ਸਦੀ ਪਹਿਲਾਂ ਮਾਲੀ ਸਰਮਾਏ ਦਾ 'ਦਾਬਾ' ਬਣ ਗਿਆ ਸੀ। ਹੁਣ ਉਸ ਦੀ ਦਹਿਸ਼ਤ ਦਾ ਹੁਕਮ ਚੱਲਦਾ ਹੈ। ਉਸ ਦੇ ਹੁਕਮ 'ਤੇ ਸਰਕਾਰਾਂ ਨੀਤੀਆਂ ਬਣਾਉਂਦੀਆਂ ਤੇ ਲਾਗੂ ਕਰਦੀਆਂ ਹਨ। ਉਹ ਵੱਡਾ, ਹੋਰ ਵੱਡਾ ਹੋ

27-Nov-Sunday.qxd 11/26/2022 10:06 PM Page 5

ਗੁਜਰਾਤ ਅਤੇ ਹਿਮਾਚਲ ਦੀਆਂ ਚੋਣਾਂ ਉੱਤੇ ਅੱਖ ਟਿਕੀ ਹੈ ਸਾਰਿਆਂ ਦੀ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਨਵੰਬਰ ਦੇ ਆਖਰੀ ਹਫਤੇ ਤੱਕ ਕੋਈ ਵੀ ਇਹ ਅੰਦਾਜ਼ਾ ਲਾਉਣ ਵਾਲਾ ਨਹੀਂ ਮਿਲਿਆ ਕਿ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਦਾ ਨਤੀਜਾ ਕਿੱਦਾਂ ਦਾ ਆਵੇਗਾ! ਉਹ ਵੱਡੇ ਵਿਸ਼ਲੇਸ਼ਣਕਾਰ ਵੀ ਇਸ ਵਾਰ ਆਪਣਾ ਖਿਆਲ ਪੇਸ਼ ਕਰਨ ਤੋਂ ਅਚਾਨਕ ਝਿਜਕਦੇ ਵੇਖੇ ਹਨ, ਜਿਹੜੇ ਨਵੰਬਰ ਦੇ ਅੱਧ ਤੱਕ ਬੜਾ ਜ਼ੋਰ ਦੇ ਕੇ ਆਖਦੇ ਸਨ ਕਿ ਦੋਵਾਂ ਰਾਜਾਂ ਵਿੱਚ ਇਸ ਵਾਰ ਵੀ ਭਾਜਪਾ ਦੇ ਮਜ਼ਬੂਤ ਕਿਲ੍ਹੇ ਨੂੰ ਕਿਸੇ ਤੋਂ ਸੰਨ੍ਹ ਨਹੀਂ ਲਾਈ ਜਾ ਸਕਣੀ। ਹਿਮਾਚਲ ਪ੍ਰਦੇਸ਼ ਬਾਰੇ ਪਹਿਲੇ ਦਿਨਾਂ ਵਿੱਚ ਮਾਹਰਾਂ ਵਿੱਚੋਂ ਕੁਝ ਦੀ ਇਹ ਰਾਏ ਸੀ ਕਿ ਓਥੇ ਮੁਕਾਬਲਾ ਭਾਜਪਾ ਅਤੇ ਆਮ ਆਦਮੀ ਪਾਰਟੀ ਵਿਚਾਲੇ ਬਣ ਸਕਦਾ ਹੈ ਅਤੇ ਜਿੱਦਾਂ ਦਿੱਲੀ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀਆਂ ਰੈਲੀਆਂ ਵਿੱਚ ਭੀੜ ਜੁੜਦੀ ਰਹੀ ਹੈ, ਉਹ ਕੋਈ ਕ੍ਰਿਸ਼ਮਾ ਵੀ ਦਿਖਾ ਸਕਦੇ ਹਨ। ਛੇਤੀ ਬਾਅਦ ਸਪੱਸ਼ਟ ਸੰਕੇਤ ਮਿਲਣ ਲੱਗ ਪਏ ਕਿ ਓਥੇ ਆਮ ਆਦਮੀ ਪਾਰਟੀ ਦੇ ਪੈਰ ਨਹੀਂ ਜੰਮ ਸਕੇ ਅਤੇ ਮੁਕਾਬਲਾ ਫਿਰ ਦੋ ਰਿਵਾਇਤੀ ਵਿਰੋਧੀ ਧਿਰਾਂ ਭਾਜਪਾ ਅਤੇ ਕਾਂਗਰਸ ਵਿਚਾਲੇ ਹੀ ਰਹਿਣਾ ਹੈ। ਉਸ ਰਾਜ ਵਿੱਚ ਬੈਠੇ ਦੋਸਤਾਂ ਦਾ ਕਹਿਣਾ ਹੈ ਕਿ ਭਾਜਪਾ ਵਿਰੋਧੀ ਸੋਚ ਕਾਰਨ ਓਥੋਂ ਦੇ ਲੋਕਾਂ ਵਿੱਚ ਆਮ ਰਾਏ ਨੂੰ ਪ੍ਰਭਾਵਤ ਕਰਨ ਵਾਲਿਆਂ ਨੇ ਇਹ ਸੁਰ ਚੁੱਕ ਲਈ ਸੀ ਕਿ ਭਾਜਪਾ ਨਾਲ ਵਿਰੋਧ ਵਾਲੀਆਂ ਵੋਟਾਂ ਵੰਡੀਆਂ ਜਾਣ ਨਾਲ ਭਾਜਪਾ ਨੂੰ ਫਾਇਦਾ ਹੋ ਸਕਦਾ ਹੈ, ਇਸ ਲਈ ਲੋਕ ਇਨ੍ਹਾਂ ਦੋਵਾਂ ਧਿਰਾਂ ਵਿੱਚੋਂ ਹੀ ਕਿਸੇ ਇੱਕ ਨੂੰ ਚੁਣਨ ਲਈ ਮਨ ਬਣਾਉਣ ਤਾਂ ਚੰਗਾ ਰਹੇਗਾ। ਇਹ ਸੁਰ ਬਾਅਦ ਵਿੱਚ ਭਾਰੂ ਹੋ ਗਈ ਸੀ।

ਇਸ ਦੇ ਬਾਅਦ ਜਿਸ ਦਿਨ ਉਸ ਰਾਜ ਵਿੱਚ ਪੋਲਿੰਗ ਹੋਈ, ਉਸ ਤੋਂ ਅਗਲੇ ਦਿਨ ਇਹ ਕਿਹਾ ਜਾਣ ਲੱਗ ਪਿਆ ਸੀ ਕਿ ਮੁਕਾਬਲਾ ਦੋਵਾਂ ਧਿਰਾਂ ਵਿਚਾਲੇ ਹੀ ਰਿਹਾ ਹੈ, ਜਿਸ ਦੇ ਦੋ ਕਾਰਨ ਹਨ ਤੇ ਦੋਵੇਂ ਕਾਰਨ ਭਾਜਪਾ ਵਿਰੋਧੀ ਦੱਸੇ ਜਾ ਰਹੇ ਸਨ। ਪਹਿਲਾ ਇਹ ਕਿ ਵੱਡੇ ਪੂੰਜੀਪਤੀ ਗੌਤਮ ਅਡਾਨੀ ਦੀ ਕੰਪਨੀ ਦੇ ਸੀਲੋ ਪਲਾਂਟਾਂ ਨੇ ਸੇਬਾਂ ਦੀ ਜ਼ਖੀਰੇਬਾਜ਼ੀ ਕਰ ਕੇ ਉਸ ਰਾਜ ਦੇ ਸੇਬ ਬੀਜਣ ਵਾਲੇ ਕਿਸਾਨਾਂ ਨੂੰ ਜਿਹੜਾ ਝਟਕਾ ਦਿੱਤਾ ਸੀ, ਉਸ ਕਾਰਨ ਓਥੋਂ ਦੀਆਂ ਕਿਸਾਨੀ ਵੋਟਾਂ ਦਾ ਵੱਡਾ ਹਿੱਸਾ ਭਾਜਪਾ ਦੇ ਖਿਲਾਫ ਹੋ ਗਿਆ ਸੀ। ਦੂਸਰਾ ਇਹ ਕਿ ਉਸ ਰਾਜ ਵਿੱਚ ਹਰ ਪਿੰਡ ਤੋਂ ਹਰ ਘਰ ਦਾ ਕੋਈ ਨਾ ਕੋਈ ਜੀਅ ਜਾਂ ਉਨ੍ਹਾਂ ਦਾ ਕੋਈ ਨੇੜਲਾ ਰਿਸ਼ਤੇਦਾਰ ਫੌਜ ਵਿੱਚ ਭਰਤੀ ਹੁੰਦਾ ਸੀ ਤੇ ਓਥੋਂ ਦੇ ਬਹੁਤ ਸਾਰੇ ਲੋਕਾਂ ਨੇ ਦੇਸ਼ ਲਈ ਸ਼ਹੀਦੀਆਂ ਵੀ ਦਿੱਤੀਆਂ ਹੋਈਆਂ ਸਨ। ਭਾਰਤ ਸਰਕਾਰ ਦੀ ਨਵੀਂ 'ਅਗਨੀਵੀਰ' ਸਕੀਮ ਕਾਰਨ ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਚਾਰ ਸਾਲ ਲਾਉਣ ਪਿੱਛੋਂ ਜਦੋਂ ਉਨ੍ਹਾਂ ਦੇ ਬੱਚੇ ਛੋਟੀ ਉਮਰੇ ਫੌਜ ਦੀ ਨੌਕਰੀ ਛੁਡਾ ਕੇ ਘਰੀਂ ਭੇਜ ਦਿੱਤੇ ਗਏ ਤਾਂ ਉਨ੍ਹਾਂ ਦਾ ਭਵਿੱਖ ਕੋਈ ਨਹੀਂ ਰਹਿ ਜਾਣਾ, ਇਸ ਲਈ ਉਹ ਲੋਕ ਭਾਜਪਾ ਸਰਕਾਰ ਵਿਰੁੱਧ ਗੁੱਸੇ ਨਾਲ ਭਰੇ ਹੋਏ ਸਨ। ਇਹ ਗੁੱਸਾ ਭਾਜਪਾ ਵਿਰੁੱਧ ਕਾਂਗਰਸ ਵੱਲ ਉਨ੍ਹਾਂ ਦੇ ਖਿਸਕਣ ਦਾ ਕਾਰਨ ਹੋ ਸਕਦਾ ਸੀ, ਉਂਜ ਭਾਵੇਂ ਕਾਂਗਰਸੀਆਂ ਦਾ ਆਪਣਾ ਵਿਹਾਰ ਆਮ ਲੋਕਾਂ ਨੂੰ ਆਪਣੇ ਵੱਲ ਖਿੱਚਣ ਦੀ ਥਾਂ ਆਪਸੀ ਧੜੇਬੰਦੀ ਵਿੱਚ ਫਸੇ ਰਹਿਣ ਕਾਰਨ ਪਹਿਲਾਂ ਤੋਂ ਵੀ ਇਸ ਵਾਰ ਵੱਧ ਮਾੜਾ ਹੋ ਚੁੱਕਾ ਸੀ। ਇਸ ਕਾਰਨ ਓਥੋਂ ਦੀ ਚੋਣ ਚੋਖੀ ਦਿਲਚਸਪ ਬਣ ਗਈ ਹੈ।

ਜਿੱਥੋਂ ਤੱਕ ਗੁਜਰਾਤ ਦਾ ਸੰਬੰਧ ਹੈ, ਭਾਰਤ ਸਰਕਾਰ ਦੀ ਫੌਜੀਆਂ ਬਾਰੇ ਅਗਨੀਵੀਰ ਸਕੀਮ ਦਾ ਵਿਰੋਧ ਓਥੇ ਵੀ ਬਥੇਰਾ ਹੈ, ਪਰ ਉਸ ਰਾਜ ਵਿੱਚ ਭਾਜਪਾ ਦੇ ਆਪਣੇ ਅੰਦਰਲੀ ਧੜੇਬੰਦੀ ਤੇ ਹੱਦੋਂ ਬਾਹਲੇ ਭ੍ਰਿਸ਼ਟਾਚਾਰ ਨੇ ਵੀ ਲੋਕਾਂ ਨੂੰ ਬਹੁਤ ਜ਼ਿਆਦਾ ਦੁਖੀ ਕਰ ਰੱਖਿਆ ਸੁਣੀਂਦਾ ਹੈ। ਓਥੋਂ ਦੇ ਜਿਹੜੇ ਲੋਕਾਂ ਨਾਲ ਫੋਨ ਉੱਤੇ ਗੱਲਬਾਤ ਹੁੰਦੀ ਹੈ, ਉਹ ਇਹ ਕਹਿਣ ਨੂੰ ਤਿਆਰ ਨਹੀਂ ਕਿ ਭਾਜਪਾ ਇਸ ਵਾਰ ਉਸ ਰਾਜ ਵਿੱਚ ਚੋਣ ਜਿੱਤ ਸਕੇਗੀ, ਇਹ ਕਹਿੰਦੇ ਹਨ ਕਿ ਜੇ ਭਾਜਪਾ ਦੇ ਵਿਰੋਧ ਦੀਆਂ ਵੋਟਾਂ ਕਾਂਗਰਸ ਤੇ ਆਮ ਆਦਮੀ ਪਾਰਟੀ ਵਿੱਚ ਵੰਡੀਆਂ ਜਾਣ ਦਾ ਲਾਭ ਭਾਜਪਾ ਨੂੰ ਮਿਲ ਵੀ ਗਿਆ ਤਾਂ ਉਸ ਦੀ ਜਿੱਤ ਦਾ ਫਰਕ ਬਹੁਤ ਛੋਟਾ ਰਹਿ ਸਕਦਾ ਹੈ। ਭਾਜਪਾ ਆਗੂ ਬੇਸ਼ੱਕ ਇਹ ਕਹੀ ਜਾਂਦੇ ਹਨ ਕਿ ਓਥੇ ਉਨ੍ਹਾਂ ਦੀ ਪਾਰਟੀ ਨੂੰ ਕੋਈ ਖਤਰਾ ਨਹੀਂ, ਪਰ ਮੀਡੀਆ ਜਿਹੜੀਆਂ ਖਬਰਾਂ ਲਿਆ ਰਿਹਾ ਹੈ, ਉਹ ਭਾਜਪਾ ਲੀਡਰਾਂ ਦੇ ਬਿਆਨਾਂ ਤੋਂ ਉਲਟ ਪ੍ਰਭਾਵ ਦੇਣ ਵਾਲੀਆਂ ਹਨ। ਇਸ ਲਈ ਓਥੇ ਇਸ ਵਾਰ ਕੁਝ ਵੀ ਹੋ ਸਕਦਾ ਹੈ, ਕੁਝ ਵੀ।

ਪਿਛਲੇ ਦਿਨਾਂ ਵਿੱਚ ਜਿਹੜੀਆਂ ਤਾਜ਼ਾਂ ਘਟਨਾਵਾਂ ਹੋਈਆਂ ਹਨ, ਮੋਰਬੀ ਸ਼ਹਿਰ ਵਿੱਚ ਮੱਛੀ ਨਦੀ ਉੱਤੇ ਬਣਿਆ ਪੁਲ ਢਹਿਣ ਨਾਲ ਡੇਢ ਸੌ ਦੇ ਕਰੀਬ ਲੋਕ ਜਿੱਦਾਂ ਮਾਰੇ ਗਏ ਹਨ, ਉਸ ਨਾਲ ਆਮ ਲੋਕਾਂ ਵਿੱਚ ਗੁਜਰਾਤ ਸਰਕਾਰ ਦਾ ਅਕਸ ਹੋਰ ਖਰਾਬ ਹੁੰਦਾ ਵੇਖਿਆ ਗਿਆ ਹੈ। ਇਸ ਕੇਸ ਬਾਰੇ ਹਾਈ ਕੋਰਟ ਵਿੱਚ ਵੀ ਸਰਕਾਰ ਦੀ ਮੁੜ-ਮੁੜ ਬੇਇੱਜ਼ਤੀ ਹੋਈ ਅਤੇ ਸੁਪਰੀਮ ਕੋਰਟ ਵਿੱਚ ਵੀ ਕੇਂਦਰ ਅਤੇ ਰਾਜ ਸਰਕਾਰ ਦੇ ਵਕੀਲਾਂ ਨੂੰ ਜਵਾਬ ਦੇਣਾ ਔਖਾ ਹੋ ਗਿਆ ਸੀ। ਜਦੋਂ ਪੁਲ ਟੁੱਟ ਗਿਆ ਤਾਂ ਅਗਲੇਰੇ ਦਿਨ ਪ੍ਰਧਾਨ ਮੰਤਰੀ ਦੇ ਆਉਣ ਤੋਂ ਪਹਿਲਾਂ ਜਿਵੇਂ ਜ਼ਖਮੀਆਂ ਦੇ ਇਲਾਜ ਨਾਲੋਂ ਵੱਧ ਜ਼ੋਰ ਇਸ ਗੱਲ ਉੱਤੇ ਲਾਇਆ ਗਿਆ ਕਿ ਹਸਪਤਾਲ ਵਿਸ਼ਵ ਪੱਧਰ ਦਾ ਰਾਤੋਂ ਰਾਤ ਬਣਾ ਦਿੱਤਾ ਜਾਵੇ, ਗਿੱਲੇ ਪੇਂਟ ਉੱਤੇ ਖੜੇ ਪੈਰ ਬੱਚਿਆਂ ਦੀਆਂ ਖੂਬਸੂਰਤ ਤਸਵੀਰਾਂ ਬਣਵਾਈਆਂ, ਉਸ ਨਾਲ ਸਰਕਾਰ ਬਾਰੇ ਮਾੜੀ ਰਾਏ ਬਣੀ ਹੈ। ਪਹਿਲਾਂ ਕੋਵਿਡ ਦੀ ਬਿਮਾਰੀ ਦੇ ਦਿਨਾਂ ਵਿੱਚ ਜਦੋਂ ਸਾਰੇ ਦੇਸ਼ ਵਿੱਚ ਮੌਤਾਂ ਦਾ ਅੰਕੜਾ ਘਟਾ ਕੇ ਪੇਸ਼ ਕੀਤਾ ਜਾ ਰਿਹਾ ਸੀ, ਓਦੋਂ ਗੁਜਰਾਤ ਵਿੱਚ ਬਾਕੀ ਰਾਜਾਂ ਨਾਲੋਂ ਵੱਧ ਪਰਦਾਪੋਸ਼ੀ ਹੁੰਦੀ ਰਹੀ ਸੀ ਤੇ ਹਸਪਤਾਲ ਵਿੱਚ ਕੋਵਿਡ ਨਾਲ ਹੋਈਆਂ ਮੌਤਾਂ ਤੇ ਸ਼ਮਸ਼ਾਨ ਘਾਟ ਵਿੱਚ ਪੀ ਪੀ ਈ ਕਿੱਟ ਵਾਲੀਆਂ ਲਾਸ਼ਾਂ ਦੇ ਅੰਤਮ ਸੰਸਕਾਰ ਦੇ ਅੰਕੜੇ ਮਿਲਦੇ ਨਹੀਂ ਸਨ। ਸੰਸਾਰ ਭਰ ਦੇ ਮੀਡੀਏ ਵਿੱਚ ਓਦੋਂ ਇਹ ਗੱਲ ਚੱਲਦੀ ਰਹੀ ਸੀ ਕਿ ਪ੍ਰਧਾਨ ਮੰਤਰੀ ਦੇ ਆਪਣੇ ਰਾਜ ਵਿੱਚ ਹੋਈਆਂ ਮੌਤਾਂ ਵਾਲੇ ਅੰਕੜੇ ਛਿਪਾਉਣ ਦਾ ਕੰਮ ਕਿਸੇ ਵੀ ਹੋਰ ਰਾਜ ਤੋਂ ਵੱਧ ਹੋ ਰਿਹਾ ਹੈ। ਜਿਹੜੀ ਗੱਲ ਸਾਰੇ ਸੰਸਾਰ ਵਿੱਚ ਚਰਚਾ ਦਾ ਵਿਸ਼ਾ ਬਣਦੀ ਰਹੀ ਸੀ, ਉਸ ਦਾ ਅਸਰ ਇਨ੍ਹਾਂ ਚੋਣਾਂ ਮੌਕੇ ਉਸ ਰਾਜ ਦੇ ਲੋਕਾਂ ਦੀ ਬਹਿਸ ਵਿੱਚ ਫਿਰ ਦਿਖਾਈ ਦਿੱਤਾ ਹੈ। ਇਹ ਚਰਚਾ ਵੋਟਾਂ ਦੇ ਐਨ ਨੇੜੇ ਜਾ ਕੇ ਦੋਬਾਰਾ ਉੱਠਣ ਦਾ ਮਤਲਬ ਕਿਸੇ ਨੂੰ ਵੀ ਸਮਝ ਆ ਸਕਦਾ ਹੈ।

ਅਸੀਂ ਲਿਖਤ ਦੇ ਸ਼ੁਰੂ ਵਿੱਚ ਇਹ ਕਿਹਾ ਸੀ ਕਿ ਚੋਣਾਂ ਬਾਰੇ ਆਮ ਤੌਰ ਉੱਤੇ ਬਹੁਤ ਖੁੱਲ੍ਹ ਕੇ ਚਰਚਾ ਕਰਨ ਵਾਲੇ ਵੱਡੇ ਧਨੰਤਰ ਵੀ ਇਸ ਵਾਰ ਇਨ੍ਹਾਂ ਦੋਵਾਂ ਰਾਜਾਂ ਬਾਰੇ ਕੁਝ ਕਹਿਣ ਤੋਂ ਝਿਜਕ ਰਹੇ ਹਨ ਤਾਂ ਅਸੀਂ ਵੀ ਇਸ ਮਾਮਲੇ ਵਿੱਚ ਕੋਈ ਭਵਿੱਖਬਾਣੀ ਕਰਨ ਦੀ ਹਿੰਮਤ ਨਹੀਂ ਕਰ ਸਕਦੇ। ਜਿਹੜੀ ਗੱਲ ਕਹੀ ਜਾ ਸਕਦੀ ਹੈ, ਉਹ ਇਹ ਹੈ ਕਿ ਇਸ ਵਾਰੀ ਭਾਜਪਾ ਲੀਡਰਸ਼ਿਪ ਮੂੰਹੋਂ ਮੰਨੇ ਜਾਂ ਨਾ ਮੰਨੇ, ਦੋਵਾਂ ਰਾਜਾਂ ਦੀਆਂ ਚੋਣਾਂ ਦੌਰਾਨ ਆਪਣੇ ਆਪ ਨੂੰ ਫਸਿਆ ਮਹਿਸੂਸ ਕੀਤੇ ਬਿਨਾਂ ਨਹੀਂ ਰਹਿ ਸਕਦੀ। ਇੱਕ ਗੱਲ ਜਿਹੜੀ ਚੋਣਾਂ ਦੇ ਵੱਡੇ ਮਾਹਰ ਖੁੱਲ੍ਹ ਕੇ ਕਹਿੰਦੇ ਹਨ, ਉਹ ਇਹ ਹੈ ਕਿ ਫਸੇ ਹੋਣਗੇ ਤਾਂ ਭਾਜਪਾ ਲੀਡਰ ਹੀ ਫਸੇ ਹੋਣਗੇ, ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਇਸ ਨੂੰ ਇੱਕ ਚੋਣ ਮੈਚ ਵਾਲੇ ਰੌਅ ਵਿੱਚ ਲੈ ਰਹੀ ਹੈ, ਕਿਉਂਕਿ ਜਿੱਤਣ ਜਾਂ ਹਾਰਨ, ਉਨ੍ਹਾਂ ਕੋਲ ਦੋਵਾਂ ਰਾਜਾਂ ਵਿੱਚ ਗੁਆਉਣ ਨੂੰ ਕੁਝ ਨਹੀਂ ਤੇ ਜਿੰਨੀਆਂ ਵੀ ਸੀਟਾਂ ਜਿੱਤਣਗੇ, ਉਨ੍ਹਾਂ ਨੇ ਕੁਝ ਕਦਮ ਅੱਗੇ ਹੀ ਜਾਣਾ ਹੈ। ਸਭ ਤੋਂ ਮੰਦੀ ਹਾਲਤ ਕਾਂਗਰਸ ਵਾਲੀ ਧਿਰ ਦੀ ਹੈ, ਜਿਹੜੀ ਆਪਣੀ ਹੋਂਦ ਕਾਇਮ ਰੱਖਣ ਦੀ ਲੜਾਈ ਲੜ ਰਹੀ ਜਾਪਦੀ ਹੈ ਅਤੇ ਏਦਾਂ ਦੇ ਮੌਕੇ ਵੀ ਉਸ ਦੇ ਆਗੂ ਆਪਸ ਵਿੱਚ ਇੱਕ-ਦੂਸਰੇ ਨਾਲ ਮਿਲ ਕੇ ਚੱਲਣ ਨੂੰ ਤਿਆਰ ਨਹੀਂ ਹੋ ਸਕੇ। ਨਤੀਜਾ ਕਿਸੇ ਵੀ ਸਿਆਸੀ ਧਿਰ ਦੇ ਪੱਖ ਵਿੱਚ ਚਲਾ ਜਾਵੇ, ਇਸ ਵਾਰੀ ਇਨ੍ਹਾਂ ਦੋਵਾਂ ਰਾਜਾਂ ਵਿੱਚ ਹੋਈ ਚੋਣ ਭਾਰਤ ਦੇ ਭਵਿੱਖ ਨੂੰ ਇੱਕ ਨਵੀਂ ਲੀਹ ਉੱਤੇ ਪਾਉਣ ਵਾਲੀ ਬਣ ਸਕਦੀ ਹੈ। ਦਿੱਲੀ ਵਿੱਚ ਪਹਿਲੀ ਵਾਰੀ ਆਮ ਆਦਮੀ ਪਾਰਟੀ ਅੱਗੇ ਵਧੀ, ਪਰ ਬਹੁ-ਸੰਮਤੀ ਨਹੀਂ ਸੀ ਲੈ ਸਕੀ ਤੇ ਦੂਸਰੀ ਵਾਰੀ ਜ਼ੋਰਦਾਰ ਬਹੁ-ਸੰਮਤੀ ਨਾਲ ਛਾ ਗਈ ਸੀ। ਪੰਜਾਬ ਵਿੱਚ ਵੀ ਪਹਿਲੀ ਚੋਣ ਵਿੱਚ ਵੀਹ ਸੀਟਾਂ ਜਿੱਤਣ ਦੇ ਬਾਅਦ ਅਗਲੀ ਵਾਰੀ ਜੋ ਕੁਝ ਹੋਇਆ ਸੀ, ਸਭ ਨੂੰ ਪਤਾ ਹੈ। ਗੁਜਰਾਤ ਵਿੱਚ ਕੀ ਹੋਣ ਵਾਲਾ ਹੈ, ਅਸੀਂ ਕੁਝ ਨਹੀਂ ਕਹਿ ਸਕਦੇ।

ਗਜ਼ਲ

ਨਗਰ ਵਿੱਚ ਹੈ ਬੜਾ ਚਰਚਾ ਅਜੇ ਵੀ ਇਸ ਕਿਆਮਤ ਦਾ।
ਨਦੀ ਨੂੰ ਵਹਿਮ ਲੈ ਡੁੱਬਾ ਸਮੁੰਦਰ ਦੀ ਮੁਹੱਬਤ ਦਾ।

ਕਲਮ ਸੀ ਹੱਥ ਵਿੱਚ ਕਿਸ ਦੇ ਤੇ ਕਿਸ ਦੇ ਹੱਥ ਵਿੱਚ ਖੰਜਰ,
ਨਿਤਾਰਾ ਕਰਨਗੇ ਲੋਕੀਂ ਕਦੇ ਸਾਡੀ ਇਬਾਰਤ ਦਾ।

ਤੁਸੀਂ ਇਤਰਾਜ਼ ਕਰਦੇ ਹੋ ਹਵਾ ਕਿਉਂ ਬਣ ਗਈ ਨ੍ਹੇਰੀ,
ਅਸਰ ਆਖਿਰ ਤਾਂ ਹੋਣਾ ਸੀ ਇਹ ਰੁੱਖਾਂ ਦੀ ਸ਼ਹਾਦਤ ਦਾ।

ਬਨੇਰੇ ਦੱਸ ਦਿੰਦੇ ਨੇ ਘਰਾਂ ਦੀ ਦਾਸਤਾਂ ਸਾਰੀ,
ਤੁਹਾਨੂੰ ਕੀ ਦਿਆਂ ਪਰਮਾਣ ਮੈਂ ਆਪਣੀ ਸ਼ਨਾਖਤ ਦਾ।

ਦਰਾਂ ਨੂੰ ਹੈ ਅਜੇ ਵੀ ਆਸ ਇਕ ਦਿਨ ਦੇਣਗੇ ਦਸਤਕ,
ਉਨ੍ਹਾਂ ਨੂੰ ਫਿਕਰ ਜੇ ਹੋਇਆ ਕਦੇ ਆਪਣੀ ਵਿਰਾਸਤ ਦਾ।

ਹਨੇਰਾ ਚੀਰਨੇ ਦਾ ਵਲ ਅਸੀਂ ਸਿੱਖਿਆ ਟਟਹਿਣੇ ਤੋਂ,
ਤੁਸੀਂ ਕਿਉਂ ਫਿਕਰ ਕਰਦੇ ਹੋ ਭਲਾ ਸਾਡੀ ਹਿਫਾਜ਼ਤ ਦਾ।

ਉਪੇਂਦਰ ਨਾਥ, ਮੰਟੋ, ਕਾਸਮੀ, ਦੁਸ਼ਮਣ ਰਹੇ ਭਾਵੇਂ,
ਅਜੇ ਵੀ ਝੂਲਦਾ ਪਰਚਮ ਹੈ ਤਿੰਨਾਂ ਦੀ ਮੁਹੱਬਤ ਦਾ।

ਦਿਲਾਂ 'ਤੇ ਰਾਜ ਕਰਦਾ ਹੈ ਅਜੇ ਵੀ ਇਸ ਲਈ ਪੋਰਸ,
ਜ਼ਮਾਨੇ ਨੂੰ ਪਤਾ ਸਾਰਾ ਸਿਕੰਦਰ ਦੀ ਸਿਆਸਤ ਦਾ।

ਬੁਦੇ ਖੱਦਰ ਦੀਆਂ ਲੀਰਾਂ 'ਚ ਠਰਦੇ ਬਾਲ ਸੜਕਾਂ 'ਤੇ,
ਦੁਸ਼ਾਲੇ ਮੰਦਰਾਂ ਵਿੱਚ ਵੰਡਦਾ ਮਾਲਕ ਰਿਆਸਤ ਦਾ।

— ਅਜੈ ਤਨਵੀਰ

... ਮੇਰਾ ਕੋਈ ਘਰ ਨਹੀਂ ... ?

ਸੁਲਝਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਭਾਰਤ ਵਰਸ਼ ਇਸ ਕਰਕੇ ਵੀ ਵੱਡਾ ਹੈ ਅਤੇ ਦੁਨੀਆ ਦੇ ਉਨ੍ਹਾ ਦੇਸ਼ਾਂ ਵਿੱਚ ਗਿਣਿਆ ਜਾਂਦਾ ਹੈ, ਜੋ ਦੁਨੀਆ ਦੇ ਪਹਿਲੇ ਚੋਣਵੇਂ ਦੇਸ਼ਾਂ ਵਿੱਚੋਂ ਆਉਂਦਾ ਹੈ, ਕਿਉਂਕਿ ਇਹ ਇੱਕ ਸੌ ਪੈਂਤੀ ਕਰੋੜ ਆਬਾਦੀ ਵਾਲਾ ਦੇਸ਼ ਹੈ, ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਭਾਵੇਂ ਪ੍ਰਧਾਨ ਮੰਤਰੀ ਬਨਣ ਤੋਂ ਪਹਿਲਾਂ ਹੋਰ ਭਾਸ਼ਨ ਦਿੰਦਾ ਸੀ, ਪਰ 2014 'ਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਹਿਲੇ ਆਪਣੇ ਭਾਸ਼ਣਾਂ ਅਤੇ ਤਕਰੀਰਾਂ ਦੇ ਇੱਕਦਮ ਉਲਟ ਬੋਲਣ ਲੱਗ ਪਿਆ। ਜਿਹੜਾ ਪ੍ਰਧਾਨ ਮੰਤਰੀ ਆਪਣੇ ਭਾਸ਼ਣ 'ਚ ਦੇਸ਼ ਨਹੀਂ ਬਿਕਨੇ ਦੂੰਗਾ ਕਹਿੰਦਾ ਸੀ, ਉਹ ਅੱਜਕੱਲ੍ਹ ਦੇਸ਼ ਵੇਚ ਰਿਹਾ ਹੈ। ਜੋ ਕਹਿੰਦਾ ਸੀ ਕਿ ਕਰੰਸੀ ਉਸ ਦੇਸ਼ ਦੀ ਗਿਰਤੀ ਹੈ, ਜਿਸ ਕਾ ਮੁਖੀਆ ਗਿਰਿਆ ਹੋਵੇ। ਜਿਸ ਦੀ ਸਫਾਈ ਬੀਬੀ ਖ਼ਜ਼ਾਨਾ ਮੰਤਰੀ ਇਹ ਕਹਿ ਦਿੰਦੀ ਹੋਵੇ ਕਿ ਸਾਡਾ ਰੁਪਿਆ ਨਹੀਂ ਗਿਰਾ, ਬਲਕਿ ਡਾਲਰ ਹੀ ਮਜ਼ਬੂਤ ਹੋਇਆ ਹੈ।' ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਮੁੱਖ ਮੰਤਰੀ ਹੁੰਦਿਆਂ ਜੀ ਐੱਸ ਟੀ ਦਾ ਵਿਰੋਧੀ ਹੋਵੇ ਅਤੇ ਪ੍ਰਧਾਨ ਮੰਤਰੀ ਬਨਣ ਤੋਂ ਬਾਅਦ ਦਾਲ-ਰੋਟੀ 'ਤੇ ਵੀ ਜੀ ਐੱਸ ਟੀ ਲਾਉਂਦਾ ਹੋਵੇ। ਜਿਹੜਾ ਪ੍ਰਧਾਨ ਮੰਤਰੀ ਆਪਣੇ ਅੱਠ ਸਾਲ ਦੇ ਕਾਰਜਕਾਲ ਦੌਰਾਨ ਇੱਕ ਵੀ ਪ੍ਰੈੱਸ ਕਾਨਫਰੰਸ ਨਾ ਕਰ ਸਕਿਆ ਹੋਵੇ। ਜਿਹੜਾ ਆਪਣੇ-ਆਪ ਨੂੰ ਗਰੀਬ ਦੱਸਣ ਲਈ ਕਰੋੜਾਂ ਖਰਚ ਕੇ ਲੱਖਾਂ ਦਾ ਇਕੱਠ ਬੁਲਾਉਂਦਾ ਹੋਵੇ। ਜਿਹੜਾ ਉਨ੍ਹਾ ਇਕੱਠਾਂ ਵਿੱਚ ਭਾਸ਼ਣ ਦੇਣ ਲਈ ਨੌਂ-ਨੌਂ ਲੱਖ ਦੇ ਸੂਟਾਂ ਦੀ ਨੁਮਾਇਸ਼ ਕਰਦਾ ਹੋਵੇ। ਜਿਹੜਾ ਆਮ ਲੋਕਾਂ ਦੀ ਹਮਦਰਦੀ ਪ੍ਰਾਪਤ ਕਰਨ ਲਈ ਆਪਣੀ ਮਾਤਾ ਜੀ ਨੂੰ ਨੋਟਬੰਦੀ ਦੌਰਾਨ ਲਾਈਨ ਵਿੱਚ ਖੜਾ ਕਰਦਾ ਹੋਵੇ। ਜਿਹੜਾ ਹਿੰਦੂ-ਮੁਸਲਮਾਨ ਦਿਨ-ਰਾਤ ਕਰਦਾ ਇੱਕ ਦਿਨ ਆਪਣਾ ਹਵਾਈ ਜਹਾਜ਼ ਪਾਕਿਸਤਾਨ ਵੱਲ ਮੋੜ ਕੇ ਬਰਿਆਨੀ ਖਾ ਆਇਆ ਹੋਵੇ। ਜਿਹੜਾ ਇੱਕ ਇੰਚ ਜਗ੍ਹਾ ਛੱਡਣ ਦੀ ਰੱਟ ਲਾਉਂਦਾ ਮੀਲਾਂ 'ਚ ਭਾਰਤੀ ਧਰਤੀ 'ਤੇ ਚੀਨੀਆਂ ਦਾ ਕਬਜ਼ਾ ਕਰਵਾ ਦੇਵੇ। ਜਿਸ ਦੀ ਸਰਕਾਰ ਆਪਣੇ ਹੱਕ ਵਿੱਚ ਕੇਸ ਕਰਾਉਣ ਲਈ ਸੁਪਰੀਮ ਕੋਰਟ ਦੇ ਜੱਜਾਂ ਨੂੰ ਰਾਜ ਸਭਾ ਦੀਆਂ ਮੈਂਬਰੀਆਂ ਬਖ਼ਸ਼ਦੀ ਹੋਵੇ। ਜਿਹੜਾ ਵੋਟਾਂ ਅਤੇ ਚੋਣਾਂ ਦੌਰਾਨ ਨਫ਼ਰਤ ਫੈਲਾਅ ਕੇ ਵੋਟਾਂ ਦਾ ਧਰੁਵੀਕਰਨ ਕਰਦਾ ਹੋਵੇ। ਜਿਸ ਦੇ ਦੇਸ਼ ਵਿੱਚ ਉਹ

27-Nov-Sunday.qxd 11/26/2022 10:05 PM Page 4

ਤਪਦੇ ਥਲ ਵਿੱਚ ਕਿਣਮਿਣੀ ਦੇ ਖ਼ਾਬ ਵਰਗੀ ਸ਼ਾਇਰੀ

ਕਿਤਾਬ ਦੀ ਪਰਖ ਪੜਚੋਲ

ਸ਼ਮਸ਼ੇਰ ਮੋਹੀ

ਸ਼ਾਮ ਦੀ ਸ਼ਾਖ਼ 'ਤੇ

(ਗ਼ਜ਼ਲ-ਸੰਗ੍ਰਹਿ)
ਕੁਲਵਿੰਦਰ
ਪੰਨੇ-84, ਮੁੱਲ-200 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਵਿਸ਼ਵ ਵਿਚ ਜਿੱਥੇ-ਜਿੱਥੇ ਵੀ ਪੰਜਾਬੀ ਵਸਦੇ ਹਨ, ਉਹ ਆਪਣੇ ਸੱਭਿਆਚਾਰ ਨਾਲ ਕਿਸੇ ਨਾ ਕਿਸੇ ਹੱਦ ਤੱਕ ਜੁੜੇ ਹੋਏ ਹਨ। ਆਪਣੇ ਸੱਭਿਆਚਾਰ ਨਾਲ਼ ਲਗਾਓ ਹੋਣ ਕਾਰਨ ਉਹ ਆਪਣੀ ਭਾਸ਼ਾ/ਸਾਹਿਤ ਨੂੰ ਧੁਰ ਅੰਦਰੋਂ ਪਿਆਰਦੇ ਹਨ। ਕੁਝ ਲੋਕਾਂ ਦਾ ਜੁੜਾਵ ਅਤੇ ਪ੍ਰਤਿਭਾ ਉਹਨਾਂ ਨੂੰ ਸਾਹਿਤ ਸਿਰਜਣਾ ਤੀਕ ਲੈ ਜਾਂਦਾ ਹੈ। ਪੰਜਾਬੀ ਸਾਹਿਤ ਦੀ ਤਕਰੀਬਨ ਹਰ ਉਹ ਵਿਧਾ, ਜੋ ਭਾਰਤੀ ਪੰਜਾਬ ਵਿਚ ਸਿਰਜੀ ਜਾ ਰਹੀ ਹੈ, ਉਹ ਵਿਦੇਸ਼ਾਂ ਵਿਚ ਵੀ ਸਿਰਜੀ ਜਾ ਰਹੀ ਹੈ। ਪੰਜਾਬੀ ਗ਼ਜ਼ਲ ਦੇ ਸੰਦਰਭ ਵਿਚ ਵੀ ਇਹ ਤੱਥ ਦਰੁਸਤ ਹੈ। ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਿਚ ਪੰਜਾਬੀ ਦੇ ਕਈ ਚੰਗੇ ਗ਼ਜ਼ਲਗੋ ਗ਼ਜ਼ਲ ਸਿਰਜਣਾ ਨਾਲ਼ ਜੁੜੇ ਹੋਏ ਹਨ। ਕੁਲਵਿੰਦਰ ਚਾਰ ਦਹਾਕਿਆਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। ਉਸ ਨੇ ਗ਼ਜ਼ਲ-ਸਿਰਜਣਾ ਦਾ ਆਰੰਭ ਪੰਜਾਬ (ਭਾਰਤ) ਵਿਚ ਰਹਿੰਦਿਆਂ ਹੀ ਕਰ ਲਿਆ ਸੀ। ਅਮਰੀਕਾ ਵਿਚ ਰਹਿੰਦਾ ਹੋਇਆ ਉਹ ਅੱਜ ਵੀ ਪੂਰੀ ਸ਼ਿੱਦਤ ਨਾਲ਼ ਗ਼ਜ਼ਲ ਸਿਰਜਣਾ ਨਾਲ਼ ਜੁੜਿਆ ਹੋਇਆ ਹੈ।

'ਬਿਰਛਾਂ ਅੰਦਰ ਉੱਗੇ ਖੰਡਰ' ਅਤੇ 'ਨੀਲੀਆਂ ਲਾਟਾਂ ਦਾ ਸੇਕ' ਤੋਂ ਬਾਅਦ 'ਸ਼ਾਮ ਦੀ ਸ਼ਾਖ਼ 'ਤੇ ਕੁਲਵਿੰਦਰ ਦਾ ਤਾਜ਼ਾ ਪ੍ਰਕਾਸ਼ਤ ਹੋਇਆ ਤੀਜਾ ਗ਼ਜ਼ਲ-ਸੰਗ੍ਰਹਿ ਹੈ। ਕੁਲਵਿੰਦਰ ਦਾ ਜ਼ਿਕਰ ਆਉਂਦਿਆਂ ਹੀ ਉਸ ਦੇ ਸਿਰਜੇ ਪ੍ਰਕਿਰਤਕ ਬਿੰਬ-ਚਿਹਨ ਨਜ਼ਰਾਂ ਅੱਗੇ ਆ ਖਲੋਂਦੇ ਹਨ। ਮਨੁੱਖ ਨੇ ਪ੍ਰਕਿਰਤੀ/ਕੁਦਰਤ ਦੀ ਅਹਿਮੀਅਤ ਬਹੁਤ ਪਹਿਲਾਂ ਹੀ ਸਮਝ ਲਈ ਸੀ। ਯੂਨਾਨੀ ਦਾਰਸ਼ਨਿਕ ਹੀਰਾਕਲੀਟਸ ਨੇ ਕੁਦਰਤ ਦੀ ਗਤੀਸ਼ੀਲਤਾ/ਰੂਪਾਂਤਰਣ ਨੂੰ ਹਜ਼ਾਰਾਂ ਸਾਲ ਪਹਿਲਾਂ ਹੀ ਬਿਹਤਰ ਢੰਗ ਨਾਲ਼ ਬਿਆਨ ਦਿੱਤਾ ਸੀ। ਮਨੁੱਖ ਸਮੇਤ ਸਮੁੱਚੇ ਪ੍ਰਾਣੀਆਂ ਦੇ ਸਿਰਜਣ/ਢਹਿਣ ਵਿਚ ਕੁਦਰਤ ਦਾ ਵੱਡਾ ਰੋਲ ਹੈ। ਮਨੁੱਖ ਇਕ ਸੁਚੇਤ ਪ੍ਰਾਣੀ ਹੋਣ ਕਾਰਨ ਇਸ ਸੱਚ ਨੂੰ ਬਾਖ਼ੂਬੀ ਸਮਝਦਾ ਹੈ। ਮਨੁੱਖ ਖ਼ੁਦ ਨੂੰ ਬਹੁਤ ਸਾਰੇ ਕੁਦਰਤੀ ਵਰਤਾਰਿਆਂ ਨਾਲ਼ ਜੋੜ ਕੇ ਦੇਖਦਾ ਹੈ। ਕੁਦਰਤ ਦਾ ਸਾਹਿਤ, ਖ਼ਾਸ ਕਰ ਕਵਿਤਾ ਨਾਲ਼ ਨੇੜਲਾ ਸੰਬੰਧ ਰਿਹਾ ਹੈ। ਪੰਜਾਬੀ ਦੇ ਆਦਿ-ਕਵੀ ਬਾਬਾ ਸ਼ੇਖ਼ ਫ਼ਰੀਦ ਦੇ ਕਾਵਿ-ਸੰਸਾਰ ਵਿਚ ਹੀ ਕੁਦਰਤ/ਪ੍ਰਕਿਰਤੀ ਨੂੰ ਵਡੇਰਾ ਸਥਾਨ ਹਾਸਲ ਹੋ ਗਿਆ ਸੀ। ਉਸ ਪਿੱਛੋਂ ਆਉਣ ਵਾਲ਼ੇ ਹਰ ਵੱਡੇ ਕਵੀ ਨੇ ਪ੍ਰਕਿਰਤੀ ਦੇ ਵਿਭਿੰਨ ਪਾਸਾਰਾਂ ਦੀ ਕਾਵਿ-ਅਭਿਵਿਅਕਤੀ ਵੀ ਕੀਤੀ ਹੈ ਤੇ ਪ੍ਰਕਿਰਤੀ ਨੂੰ ਬਿੰਬਾਂ-ਚਿਹਨਾਂ ਦੇ ਰੂਪ ਵਿਚ ਵੀ ਇਸਤੇਮਾਲ ਕੀਤਾ ਹੈ। ਸਮਕਾਲੀ ਕਵੀ ਵੀ ਇਸ ਪ੍ਰਵਿਰਤੀ ਤੋਂ ਅਭਿੱਜ ਨਹੀਂ। ਕੁਲਵਿੰਦਰ ਕੁਦਰਤ/ਪ੍ਰਕਿਰਤੀ ਨੂੰ ਆਪਣੇ ਕਾਵਿ-ਪ੍ਰਗਟਾਵੇ ਦਾ ਬੜੀ ਖ਼ੂਬਸੂਰਤੀ ਨਾਲ ਮਾਧਿਅਮ ਬਣਾਉਂਦਾ ਹੈ। ਉਸ ਦੇ ਇਹ ਪ੍ਰਕਿਰਤ ਬਿੰਬ-ਚਿਹਨ ਉਸ ਦੀ ਸ਼ਾਇਰੀ ਨੂੰ ਖ਼ੂਬਸੂਰਤੀ ਵੀ ਪ੍ਰਦਾਨ ਕਰਦੇ ਹਨ ਤੇ ਇਸ ਨੂੰ ਅਰਥ ਭਰਪੂਰ ਵੀ ਬਣਾਉਂਦੇ ਹਨ। ਪ੍ਰਕਿਰਤੀ ਨਾਲ ਉਸ ਦੀ ਅਜਿਹੀ ਇਕਮਿਕਤਾ ਹੈ ਕਿ ਉਸ ਨੂੰ ਕਾਵਿ-ਪ੍ਰਗਟਾਵੇ ਦਾ ਮਾਧਿਅਮ ਬਣਾਉਣ ਦੇ ਨਾਲ਼-ਨਾਲ਼ ਉਹ ਪ੍ਰਕਿਰਤਕ ਚੀਜ਼ਾਂ ਦੇ ਦੁੱਖਾਂ-ਸੁੱਖਾਂ ਨੂੰ ਧੁਰ ਅੰਦਰੋਂ ਮਹਿਸੂਸ ਕਰਦਾ ਵੀ ਪ੍ਰਤੀਤ ਹੁੰਦਾ ਹੈ।

ਕੁਲਵਿੰਦਰ ਨੇ ਪ੍ਰਥਮ ਪੁਸਤਕ ਦੀ ਸ਼ਾਇਰੀ ਵੇਲੇ ਹੀ ਆਪਣੀ ਨਿਵੇਕਲੀ ਕਾਵਿ-ਭਾਸ਼ਾ ਸਿਰਜ ਲਈ ਸੀ। ਸ਼ਾਇਰੀ ਦੇ ਅਗਲੇ ਪੜਾਅ 'ਤੇ ਆ ਕੇ ਉਹ ਭਾਵੇਂ ਬਹੁਤੇ ਨਵੇਂ ਬਿੰਬ-ਚਿਹਨ ਨਹੀਂ ਸਿਰਜਦਾ, ਪਰ ਆਪਣੇ ਪਹਿਲੇ ਸਿਰਜੇ ਬਿੰਬਾਂ-ਚਿਹਨਾਂ ਨੂੰ ਨਵਿਆਉਂਦਾ/ਵਿਸਥਾਰਦਾ ਜ਼ਰੂਰ ਰਹਿੰਦਾ ਹੈ। ਵੈਸੇ ਵੀ ਉਸ ਦੇ ਸਮੁੰਦਰ, ਥਲ, ਜੰਗਲ, ਬਿਰਖ, ਸੂਰਜ, ਚੰਦ, ਚਿਰਾਗ, ਜੁਗਨੂੰ ਅਤੇ ਤਾਰੇ ਆਦਿ ਇਸਤੇਮਾਲ ਕੀਤੇ ਚਿਹਨਾਂ ਦੇ ਅਨੇਕਾਂ ਪਾਸਾਰ ਹਨ। ਉਸ ਦਾ ਸ਼ਾਇਰੀ/ਸ਼ਬਦ ਨਾਲ਼ ਰਿਸ਼ਤਾ ਬੜਾ ਸਹਿਜ ਹੈ। ਉਸ ਦਾ ਸ਼ਬਦ ਦੀ ਸ਼ਕਤੀ ਵਿਚ ਅਥਾਹ ਵਿਸ਼ਵਾਸ ਹੈ। ਉਸ ਲਈ ਸ਼ਬਦ/ਸ਼ਾਇਰੀ ਹਨੇਰੇ ਵਿਚ ਜਗਦੇ ਦੀਵੇ ਹਨ-

ਜਦੋਂ ਪੀੜ ਦਾ ਕੋਈ ਚਾਰਾ ਨਾ ਦਿਸਿਆ
ਕਿਤੇ ਚੰਦ ਜੁਗਨੂੰ ਸਿਤਾਰਾ ਨਾ ਦਿਸਿਆ
ਘਣੀ ਰਾਤ ਵਿਚ ਫਿਰ ਮੈਂ ਸ਼ਬਦਾਂ ਦੀ ਲੋਏ
ਲਹੂ ਨਾਲ਼ ਲਿਖਿਆ ਸਫ਼ਾ ਡਾਇਰੀ ਦਾ

ਏਸ ਯੁੱਗ ਵਿਚ ਅਗਨ ਸ਼ਸਤਰ ਨਾਲ਼ ਆ
ਸਕਣਾ ਨਹੀਂ
ਸ਼ਬਦ ਦੀ ਸ਼ਕਤੀ ਹੀ ਲੈ ਕੇ ਆਏਗੀ ਹੁਣ
ਇਨਕਲਾਬ

ਕੁਲਵਿੰਦਰ ਨੂੰ ਸ਼ਬਦ ਦੀ ਸ਼ਕਤੀ 'ਤੇ ਤਾਂ ਪੂਰਾ ਵਿਸ਼ਵਾਸ ਹੈ ਕਿ ਇਸ ਨਾਲ ਸਮਾਜ ਵਿਚ ਬਹੁਤ ਕੁਝ ਬਦਲਿਆ ਜਾ ਸਕਦਾ ਹੈ, ਪਰ ਉਸ ਨੂੰ ਇਹ ਵੀ ਅਹਿਸਾਸ ਹੈ ਕਿ ਸ਼ਬਦ ਦੀ ਸ਼ਕਤੀ ਦਾ ਇਸਤੇਮਾਲ ਵੀ ਕਰਨਾ ਆਉਣਾ ਚਾਹੀਦਾ ਹੈ, ਇਸ ਦੇ ਇਸਤੇਮਾਲ ਲਈ ਲੋੜੀਂਦੀ ਸ਼ਿੱਦਤ, ਸਮਝਦਾਰੀ, ਸੁਹਿਰਦਤਾ ਅਤੇ ਫ਼ਿਕਰਮੰਦੀ ਦਾ ਹੋਣਾ ਵੀ ਦਰਕਾਰ ਹੈ-

ਨਿਥਾਵੇਂ ਪੰਛੀਆਂ ਦੀ ਚਹਿਕ ਦਾ ਵੀ
ਪੁੰਗਰਦੀ ਹਰ ਕਲੀ ਦੀ ਟਹਿਕ ਦਾ ਵੀ
ਕਿਸੇ ਜੰਗਲ ਦੇ ਫੁੱਲ ਦੀ ਮਹਿਕ ਦਾ ਵੀ
ਕਵੀ ਨੂੰ ਹੀ ਸਦਾ ਕਿਉਂ ਫ਼ਿਕਰ ਹੋਵੇ

ਹੋਰ ਤਾਂ ਸਾਰੇ ਸਮੇਂ ਤੋਂ ਸਹਿਮ ਕੇ
ਆਪੋ ਆਪਣੇ ਘੁਰਨਿਆਂ ਵਿਚ ਜਾ ਲੁਕੇ
ਪਾਗਲਾਂ ਵਾਂਗੂ ਭਟਕਦਾ ਇਕ ਕਵੀ
ਵਕਤ ਦੀ ਆਵਾਜ਼ ਨੂੰ ਫੜਦਾ ਰਿਹਾ

ਕੁਲਵਿੰਦਰ ਵਕਤ ਦੀ ਆਵਾਜ਼ ਫੜ ਕੇ ਸਮਕਾਲ ਦੀਆਂ ਪ੍ਰਾਪਤੀਆਂ-ਅਪ੍ਰਾਪਤੀਆਂ,ਮਰਜ਼ਾਂ, ਸਾਜ਼ਿਸ਼ਾਂ ਅਤੇ ਦੁਸ਼ਵਾਰੀਆਂ ਨੂੰ ਸਮਝਣ ਦੇ ਆਹਰ ਵਿਚ ਹੈ। ਉਸ ਦਾ ਕਿਆਮ ਲੰਬੇ ਸਮੇਂ ਤੋਂ ਭਾਵੇਂ ਅਮਰੀਕਾ ਹੈ, ਪਰ ਉਹ ਪੰਜਾਬ ਦੀ ਦੁਖਦੀ ਰਗ਼ ਤੋਂ ਵੀ ਵਾਕਿਫ਼ ਹੈ। ਪੰਜਾਬੀਆਂ ਸਮੇਤ ਉਸ ਨੂੰ ਪਰਵਾਸ ਲਈ ਮਜਬੂਰ ਹੋਏ ਤਮਾਮ ਲੋਕਾਂ ਦੀ ਪੀੜ ਦਾ ਅਹਿਸਾਸ ਹੈ, ਪਰ ਉਸ ਨੂੰ ਇਹ ਪਰਵਾਸ ਵੀ ਸਾਰੇ ਦੁੱਖਾਂ ਦੇ ਅੰਤ ਦਾ ਹੱਲ ਨਹੀਂ ਲੱਗਦਾ। ਉਹ ਇਸ ਪਰਵਾਸ ਨੂੰ ਵੀ ਅੰਨ੍ਹੀਆਂ ਦਿਸ਼ਾਵਾਂ ਦਾ ਸਫ਼ਰ ਹੀ ਸਮਝਦਾ ਹੈ। ਉਸ ਨੂੰ ਇਸ ਸਫ਼ਰ ਦੀ ਮੰਜ਼ਲ ਸ਼ਾਖ਼ ਨਾਲੋਂ ਟੁੱਟ ਚੁੱਕੇ ਖ਼ੁਸ਼ਕ ਪੱਤੇ ਅਤੇ ਆਪਣੀ ਖ਼ਾਕ ਨਾਲੋਂ ਵਿੱਛੜ ਚੁੱਕੇ ਉਦਾਸ ਬਿਰਖ ਦੀ ਹੋਣੀ ਜਿਹੀ ਲੱਗਦੀ ਹੈ। ਉਸ ਨੂੰ ਉਹਨਾਂ ਪ੍ਰਸਥਿਤੀਆਂ ਦਾ ਗਹਿਰਾ ਅਹਿਸਾਸ ਹੈ, ਜਿਹਨਾਂ ਨੇ ਪੰਜਾਬੀ ਬੰਦੇ ਨੂੰ ਪਰਵਾਸ ਦੀ ਚੋਣ ਲਈ ਮਜਬੂਰ ਕੀਤਾ ਹੈ-

ਬੇਵਸੀ ਵਿਚ ਲੋਕ ਇਹ ਵੀ ਸਹਿ ਰਹੇ ਨੇ
ਅੱਗ ਦੇ ਪਰਛਾਵਿਆਂ ਵਿਚ ਰਹਿ ਰਹੇ ਨੇ
ਵਗ ਰਹੇ ਨੇ ਰੇਤ ਦੇ ਦਰਿਆ ਹੀ ਏਥੇ
ਆਬ ਦੀ ਧਰਤੀ ਉਹ ਕਿਸ ਨੂੰ ਕਹਿ ਰਹੇ ਨੇ

ਕੁਲਵਿੰਦਰ ਨੂੰ ਉਹਨਾਂ ਲੋਕਾਂ ਦਾ ਵੀ ਫ਼ਿਕਰ ਹੈ, ਜਿਹੜੇ ਗ਼ੁਰਬਤ ਦੀ ਚੱਕੀ ਵਿਚ ਦਰੜੇ ਜਾ ਰਹੇ ਨੇ, ਪਰ ਉਹ ਪਰਵਾਸ ਵੀ ਨਹੀਂ ਕਰ ਸਕਦੇ। ਉਹ ਨਾ ਮਿਆਰੀ ਸਿੱਖਿਆ ਲੈ ਸਕਦੇ ਹਨ, ਨਾ ਸਿਹਤ ਸਹੂਲਤਾਂ ਉਹਨਾਂ ਦੀ ਪਹੁੰਚ ਵਿਚ ਹਨ, ਨਾ ਉਹਨਾਂ ਕੋਲ ਕੋਈ ਅਜਿਹਾ ਰੋਜ਼ਗਾਰ ਹੈ, ਜੋ ਮੁਢਲੀਆਂ ਲੋੜਾਂ ਪੂਰੀਆਂ ਕਰ ਸਕਦਾ ਹੋਵੇ। ਪਰ ਦੂਜੇ ਪਾਸੇ ਸੱਤਾਧਾਰੀ ਧਿਰਾਂ ਵੱਲੋਂ ਅੰਕੜਿਆਂ ਦੀ ਜਾਦੂਗਰੀ ਅਤੇ ਮੀਡੀਆ ਮੈਨੇਜਮੈਂਟ ਰਾਹੀਂ ਲਗਾਤਾਰ ਵਿਕਾਸ ਦਾ ਦਰਬਾਰੀ ਰਾਗ ਸੁਣਾਇਆ ਜਾ ਰਿਹਾ ਹੈ। ਸੱਤਾ 'ਤੇ ਕਾਬਜ਼ ਅਤੇ ਸੱਤਾ ਦੇ ਤਲਬਗਾਰ ਲੋਕ ਆਮ ਲੋਕਾਂ ਨੂੰ ਨਿਰੇ ਵੋਟਰ ਹੀ ਸਮਝਦੇ ਹਨ। ਜਨਤਾ ਆਰਥਿਕ ਸੰਕਟਾਂ ਅਤੇ ਸਿਸਟਮੀ ਬੰਦਿਸ਼ਾਂ ਵਿਚ ਫਸੀ ਛਟਪਟਾ ਰਹੀ ਹੈ। ਹਕੂਮਤੀ ਦਖ਼ਲਅੰਦਾਜ਼ੀ ਬੰਦੇ ਦੇ ਨਿੱਜੀ ਮਾਮਲਿਆਂ ਤੱਕ ਆ ਪਹੁੰਚੀ ਹੈ। ਕੁਲਵਿੰਦਰ ਇਹਨਾਂ ਪ੍ਰਸਥਿਤੀਆਂ ਨੂੰ ਬੜੇ ਮਾਰਮਿਕ ਅੰਦਾਜ਼ ਵਿਚ ਪੇਸ਼ ਕਰਦਾ ਹੈ-

ਉਸ ਦੇ ਸ਼ਹਿਰ 'ਚ ਮਰਨ ਪਰਿੰਦੇ ਖਾ ਕੇ ਸ਼ਾਹੀ ਭੋਜਨ
ਮੇਰੇ ਪਿੰਡ 'ਚ ਬੋਟ ਹਮੇਸ਼ਾ ਮਰਦੇ ਭੁੱਖਾਂ ਨਾਲ਼

ਰੌਸ਼ਨੀ ਦੀ ਜਗਮਗਾਹਟ ਤੋਂ ਹੀ ਅੰਦਾਜ਼ਾ ਨਾ ਲਾ
ਰੌਣਕਾਂ ਦੇ ਸ਼ਹਿਰ ਵਿਚ ਕੁਝ ਚੁੱਪ ਦੇ ਖੰਡਰ ਵੀ ਹਨ

ਹਾਲਾਂਕਿ ਆਰਥਿਕਤਾ ਹੀ ਸਾਡੀਆਂ ਜਿਉਣ ਹਾਲਤਾਂ ਨੂੰ ਵੱਡੀ ਹੱਦ ਤੱਕ ਨਿਰਧਾਰਤ ਕਰਦੀ ਹੈ, ਪਰ ਕੁਲਵਿੰਦਰ ਮਾਨਵੀ ਜੀਵਨ ਦੇ ਹੋਰ ਪੱਖਾਂ/ਪਾਸਾਰਾਂ ਨੂੰ ਵੀ ਬੜੀ ਚਿੰਤਨੀ ਨੀਝ ਨਾਲ਼ ਦੇਖਦਾ/ਪੜਚੋਲਦਾ ਹੈ। ਉਸ ਨੂੰ ਮਸ਼ੀਨੀ ਅਤੇ ਮਾਇਆਵੀ ਯੁੱਗ ਦੇ ਮਨੁੱਖ ਦੇ ਦੁੱਖਾਂ-ਸੁੱਖਾਂ ਦੀਆਂ ਵੱਖ-ਵੱਖ ਪਰਤਾਂ ਦੇ ਸੱਚ ਦਾ ਗਹਿਰਾ ਇਲਮ ਹੈ। ਉਹ ਜਾਣਦਾ ਹੈ ਕਿ ਸਿਰਫ਼ ਸਾਧਨ-ਸੰਪੰਨ ਲੋਕ ਹੀ ਸੁਖੀ ਅਤੇ ਸੰਤੁਸ਼ਟ ਨਹੀਂ ਅਤੇ ਕੇਵਲ ਸਾਧਨ-ਵਿਹੂਣੇ ਲੋਕ ਹੀ ਉਦਾਸ ਅਤੇ ਉਪਰਾਮ ਨਹੀਂ। ਉਹ ਉਹਨਾਂ ਹਸਤੀਆਂ ਦੇ ਸੱਚ ਨੂੰ ਵੀ ਜਾਣਦਾ ਹੈ, ਜੋ ਬਾਹਰੋਂ ਭਰੀਆਂ-ਭਰੀਆਂ ਤੇ ਸ਼ਾਂਤ ਨਜ਼ਰ ਆਉਂਦੀਆਂ ਹਨ, ਪਰ ਅੰਦਰੋਂ ਖ਼ਾਲੀ ਅਤੇ ਬੇਚੈਨ ਹਨ-

ਏਧਰ ਬੇਫ਼ਿਕਰਾ ਜਗਦਾ ਹੈ ਝੁੱਗੀ ਵਿਚ ਇਕ ਦੀਵਾ
ਓਧਰ ਡਰ ਕੇ ਕੰਬਦੀ ਹੈ ਇਕ ਲਾਟ ਚੁਬਾਰੇ ਉੱਤੇ
ਜੁਗਨੂੰਆਂ ਦੇ, ਦੀਵਿਆਂ ਦੇ, ਸੂਰਜਾਂ ਦੇ ਬਾਵਜੂਦ
'ਨੇਰ ਸੁੰਨੇ ਘਰ 'ਚ ਹੀ ਲਾ ਕੇ ਸਮਾਧੀ ਬਹਿ ਗਿਆ
ਵਿਸ਼ਾਲ ਕਿੰਨੇ ਨੇ ਨੀਲ ਅੰਬਰ
ਉਕਾਬ ਦੇ ਪਰ ਹੀ ਜਾਣਦੇ ਨੇ
ਹੈ ਕਿੰਨਾ ਡੂੰਘਾ ਖਲਾਅ ਉਹਨਾਂ ਵਿਚ
ਇਹ ਨੀਲ ਅੰਬਰ ਹੀ ਜਾਣਦੇ ਨੇ

ਕੁਲਵਿੰਦਰ ਜਿੱਥੇ ਧਰਤੀ 'ਤੇ ਆਉਂਦੇ-ਜਾਂਦੇ ਮੌਸਮਾਂ ਦੀ ਖ਼ਸਲਤ ਨੂੰ ਸਮਝਦਾ ਹੈ, ਉਵੇਂ ਹੀ ਮਾਨਵੀ ਮਨ ਦੇ ਵਿਭਿੰਨ ਮੌਸਮਾਂ ਦੀ ਜਾਣਕਾਰੀ ਵੀ ਰੱਖਦਾ ਹੈ। ਉਸ ਨੂੰ ਇਹ ਵੀ ਅਹਿਸਾਸ ਹੈ ਕਿ ਇਹ ਮੌਸਮ ਬਦਲਦਿਆਂ ਦੇਰ ਨਹੀਂ ਲੱਗਦੀ। ਉਹ ਜਾਣਦਾ ਹੈ ਕਿ ਮਾਨਵੀ ਮਨ ਅਜਿਹੀ ਧਰਤੀ ਹੈ, ਜਿੱਥੇ ਇੱਕੋ ਵੇਲੇ ਇੱਕ ਤੋਂ ਵੱਧ ਮੌਸਮ ਵੀ ਦਸਤਕ ਦੇ ਸਕਦੇ ਹਨ-

ਤਨਹਾਈ ਦੇ ਜੰਗਲ ਅੰਦਰ ਉਹ ਦਿਨ ਰਾਤ ਬਿਤਾਵੇ
ਫਿਰ ਵੀ ਉਸ ਦੇ ਹੋਠਾਂ ਉੱਤੇ ਗ਼ਮ ਦਾ ਗੀਤ ਨਾ ਆਵੇ
ਮਨ ਦੇ ਜੰਗਲ ਵਿਚ ਖ਼ਾਮੋਸ਼ੀ ਵੀ ਤੇ ਖੜਖੜ ਵੀ
ਇੱਕੋ ਵਕਤ ਬਹਾਰ ਤੇ ਇੱਕੋ ਵੇਲੇ ਹੈ ਪਤਝੜ ਵੀ

ਕੁਲਵਿੰਦਰ ਤਮਾਮ ਮਨੁੱਖ-ਮਾਰੂ ਮੌਸਮਾਂ ਦਾ ਖ਼ਾਤਮਾ ਲੋੜਦਾ ਹੈ, ਚੁਫ਼ੇਰੇ ਮੁਹੱਬਤ ਦਾ ਪਸਾਰਾ ਦੇਖਣਾ ਲੋਚਦਾ ਹੈ ਅਤੇ ਮਨ-ਮਸਤਕ ਵਿਚ ਚਾਨਣ ਦੀ ਮੌਜੂਦਗੀ ਦਾ ਸੁਪਨਾ ਦੇਖਦਾ ਹੈ। ਉਸ ਦਾ ਦਿਲ ਪੀੜਤ ਅਤੇ ਸੰਤਾਪੇ ਮਨੁੱਖ ਲਈ ਤੜਪਦਾ ਹੈ, ਉਸ ਦੇ ਹੱਕ ਵਿਚ ਗਵਾਹੀ ਦਿੰਦਾ ਹੈ। ਉਸ ਦਾ ਵਿਸ਼ਵਾਸ ਹੈ ਕਿ ਵਿਰੋਧੀ ਹਾਲਾਤ ਵਿਚ ਵੀ ਮੁਹੱਬਤ ਅਤੇ ਚਾਨਣ ਦੇ ਆਸ਼ਕ ਆਪਣੇ ਰਾਹ 'ਤੇ ਅਡੋਲ ਤੁਰਦੇ ਰਹਿਣਗੇ। ਉਸ ਦਾ ਕਾਵਿ-ਨਾਇਕ ਤਿਲਮਿਲਾਹਟ ਵਿਚ ਨਹੀਂ ਆਉਂਦਾ, ਸਗੋਂ ਸਹਿਜ ਪ੍ਰਵਚਨ ਉਚਾਰਦਾ ਹੈ ਅਤੇ ਭਵਿੱਖ ਦੇ ਰੌਸ਼ਨ ਖ਼ਾਬ ਦੇਖਦਾ ਹੈ। ਕਰੂਰ ਸਮਕਾਲੀ ਯਥਾਰਥ ਜਦੋਂ ਗ਼ਜ਼ਲ ਵਿਧਾ ਵਿਚ ਰੂਪਾਂਤਰਿਤ ਹੁੰਦਾ ਹੈ ਤਾਂ ਅਜਿਹੀ ਸਹਿਜਤਾ ਦਾ ਆਉਣਾ ਸੁਭਾਵਿਕ ਹੀ ਹੁੰਦਾ ਹੈ। ਕੁਲਵਿੰਦਰ ਗ਼ਜ਼ਲ ਵਿਧਾ ਦੀ ਪ੍ਰਕਿਰਤੀ ਨੂੰ ਜਾਣਦਾ ਹੈ-

ਮੁਕਟ ਸੂਰਜ ਦਾ ਸਜਾ ਕੇ, ਓੜ ਕੇ ਰੇਤੇ ਦਾ ਸ਼ਾਲ
ਜ਼ਿੰਦਗੀ ਦੇ ਥਲ 'ਚ ਤੁਰਿਆ ਜਾ ਰਿਹਾ ਹਾਂ ਸ਼ਾਨ ਨਾਲ

ਸਿਤਾਰੇ, ਚੰਦ, ਸੂਰਜ ਰਹਿਣ ਜਗਦੇ
ਇਹ ਸਭ ਦਰਿਆ ਹਮੇਸ਼ਾ ਰਹਿਣ ਵਗਦੇ
ਅਸੀਂ ਇਸ ਆਸ 'ਤੇ ਹੀ ਜੀਅ ਰਹੇ ਹਾਂ
ਇਹਨਾਂ ਦੀ ਬੇਹਿਸਾਬੀ ਉਮਰ ਹੋਵੇ

ਕੁਲਵਿੰਦਰ ਸਮਕਾਲ ਨੂੰ ਸਮਝਦਾ ਵੀ ਹੈ ਤੇ ਆਪਣੀ ਸ਼ਾਇਰੀ ਵਿਚ ਪੇਸ਼ ਵੀ ਕਰਦਾ ਹੈ, ਪਰ ਉਸ ਦਾ ਪ੍ਰਸਤੁਤੀ ਅੰਦਾਜ਼ ਇਸ ਤਰ੍ਹਾਂ ਦਾ ਹੈ ਕਿ ਇਹ ਕਾਵਿ-ਉਚਾਰ ਸਮੇਂ ਸੀਮਾ ਅਤੇ ਨਾਵਾਂ-ਥਾਵਾਂ ਤੋਂ ਪਾਰ ਤੱਕ ਵੀ ਜਾਂਦਾ ਹੈ। ਗ਼ਜ਼ਲ-ਸ਼ਾਸਤਰੀ ਇਸੇ ਨੂੰ ਤਰੱਜ਼ਲ ਦਾ ਨਾਂਅ ਦਿੰਦੇ ਹਨ। ਕੁਲਵਿੰਦਰ ਦੀ ਗ਼ਜ਼ਲ ਵਿਚ ਤਰੱਜ਼ਲ ਦਾ ਰੰਗ ਗਹਿਰਾ ਹੋਣ ਕਾਰਨ ਇਹ ਸ਼ਾਇਰੀ ਕੁਝ ਸਮੇਂ ਬਾਅਦ ਹੀ ਪੁਰਾਣੀ ਹੋਣ ਵਾਲੀ ਨਹੀਂ, ਸਗੋਂ ਇਸ ਸ਼ਾਇਰੀ ਦੀ ਆਭਾ ਅਤੇ ਸਾਰਥਿਕਤਾ ਲੰਬੇ ਸਮੇਂ ਤੱਕ ਬਰਕਰਾਰ ਰਹੇਗੀ। ਉਂਝ ਉਸ ਦੇ ਕੁਝ ਸ਼ਿਅਰਾਂ ਜਿਹੀ ਨਵੀਨਤਾ ਅਤੇ ਪ੍ਰਪੱਕਤਾ ਤਾਂ ਪੰਜਾਬੀ ਗ਼ਜ਼ਲ ਵਿਚ ਕਿਤੇ-ਕਿਤੇ ਹੀ ਮਿਲ਼ਦੀ ਹੈ-

ਜੀਅ ਕਰਦਾ ਹੈ ਰੋਜ਼ ਨਦੀ ਦੀ ਗਹਿਰਾਈ ਨੂੰ ਨਾਪਾਂ
ਘਰ ਦੀ ਚਿੰਤਾ ਰੋਕੇ ਮੈਨੂੰ ਰੋਜ਼ ਕਿਨਾਰੇ ਉੱਤੇ
ਜਦ ਤੋਂ ਸ਼ੀਸ਼ਾ ਹੋਇਆਂ ਉਹ ਉਸ ਦਿਨ ਤੋਂ ਕਰਨ ਦੁਆਵਾਂ
ਜਾਂ ਇਹ ਪੱਥਰ ਵਿਚ ਢਲ ਜਾਵੇ ਜਾਂ ਕਿਰਚਾਂ ਹੋ ਜਾਵੇ

ਕੁਲਵਿੰਦਰ ਪੰਜਾਬੀ ਦੇ ਉਹਨਾਂ ਗ਼ਜ਼ਲਕਾਰਾਂ ਵਿੱਚੋਂ ਹੈ, ਜਿਹਨਾਂ ਨੇ ਪੰਜਾਬੀ ਗ਼ਜ਼ਲ ਨੂੰ ਅਮੀਰ ਬਣਾਉਣ ਵਿਚ ਆਪਣਾ ਬਣਦਾ ਹਿੱਸਾ ਪਾਇਆ ਹੈ। ਉਸ ਦੇ ਹੱਥਲੇ ਗ਼ਜ਼ਲ-ਸੰਗ੍ਰਹਿ ਵਿਚ ਵੀ ਉਸ ਦੀ ਗ਼ਜ਼ਲ ਦਾ ਜਲਵਾ ਬਰਕਰਾਰ ਹੈ। ਕੁਲਵਿੰਦਰ ਦੀ ਤਪਦ

27-Nov-Sunday.qxd 11/26/2022 10:06 PM Page 6

'ਨਵਾਂ ਜ਼ਮਾਨਾ ਟੀ ਵੀ'
'ਸਿਰਜਣਾ ਦੇ ਅੰਗ-ਸੰਗ' 'ਚ ਜਗਦੀਸ਼ ਰਾਏ ਕੁਲਰੀਆਂ

ਜਲੰਧਰ : ਨਵਾਂ ਜ਼ਮਾਨਾ ਵੈੱਬ ਟੀ ਵੀ 'ਤੇ ਸਾਹਿਤਕ ਪ੍ਰੋਗਰਾਮ 'ਸਿਰਜਣਾ ਦੇ ਅੰਗ-ਸੰਗ' ਵਿੱਚ **ਮਿੰਨੀ ਕਹਾਣੀਕਾਰ ਜਗਦੀਸ਼ ਰਾਏ ਕੁਲਰੀਆਂ** ਨਾਲ ਉਨ੍ਹਾ ਦੀ ਸਿਰਜਣਾ ਦੇ ਵੱਖ-ਵੱਖ ਪਾਸਾਰਾਂ ਬਾਰੇ ਗੱਲਬਾਤ ਕੀਤੀ ਗਈ ਹੈ। ਇਸ ਨਾਲ ਜੁੜਨ ਲਈ **https://www.youtube.com/c/nawanzamanatv** 'ਤੇ ਜਾਓ।

ਲਾਹੌਰ ਦੀ ਯੂਨੀਵਰਸਿਟੀ ਵੱਲੋਂ ਅੰਤਰਰਾਸ਼ਟਰੀ ਪੰਜਾਬੀ ਕਾਨਫ਼ਰੰਸ

ਲਾਹੌਰ : ਲਾਹੌਰ ਕਾਲਜ ਫ਼ਾਰ ਵੂਮੈਨ ਯੂਨੀਵਰਸਿਟੀ ਲਾਹੌਰ ਦੇ ਪੰਜਾਬੀ ਵਿਭਾਗ ਵੱਲੋਂ ਪਿਛਲੇ ਦਿਨੀਂ ਪੰਜਵੀਂ ਅੰਤਰਰਾਸ਼ਟਰੀ ਪੰਜਾਬੀ ਜ਼ੁਬਾਨ, ਅਦਬ, ਫਨ ਤੇ ਸ਼ਕਾਫ਼ਤ ਕਾਨਫ਼ਰੰਸ ਕੀਤੀ ਗਈ। ਇਸ ਕਾਨਫ਼ਰੰਸ ਦਾ ਇੱਕ ਸੈਸ਼ਨ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਨਨਕਾਣਾ ਸਾਹਿਬ ਵਿਖੇ ਕੀਤਾ ਗਿਆ। ਇਸ ਸੈਸ਼ਨ ਵਿੱਚ ਵੱਖ-ਵੱਖ ਦੇਸ਼ਾਂ ਤੋਂ ਆਏ ਵਿਦਵਾਨਾਂ ਨੇ ਗੁਰੂ ਨਾਨਕ ਦੇ ਫ਼ਲਸਫ਼ੇ ਅਤੇ ਉਸ ਦੇ ਸਮਕਾਲੀ ਹਾਲਾਤ 'ਤੇ ਪਏ ਪ੍ਰਭਾਵ ਦਾ ਵਿਸਥਾਰ ਵਿੱਚ ਚਰਚਾ ਕੀਤੀ। ਸਾਰੇ ਵਿਦਵਾਨ ਇਸ ਮੱਤ 'ਤੇ ਸਹਿਮਤ ਸਨ ਕਿ ਭਾਈਚਾਰਕ ਏਕੇ ਦਾ ਸਬਕ ਬਾਬਾ ਨਾਨਕ ਨੇ

ਲਾਹੌਰ ਕਾਨਫ਼ਰੰਸ ਸਮੇਂ ਗਰੁੱਪ ਫੋਟੋ

ਬਾਬਾ ਗਰੂ ਨਾਨਕ ਯੂਨੀਵਰਸਟੀ ਨਨਕਾਣਾ ਸਾਹਿਬ ਦੇ ਵਾਈਸ ਚਾਂਸਲਰ ਡਾ. ਮੁਹੰਮਦ ਅਫ਼ਜ਼ਲ ਵੱਲੋਂ ਜਨਮਾਨ

ਮਹਿਮਾਨ ਲਈ ਪਾਣੀ ਦੀ ਬੋਤਲ ਖੋਲ੍ਹਦੇ ਡਾ. ਗ਼ਜ਼ਨਫਰ ਬੁਖ਼ਾਰੀ

ਲੋਕਾਈ ਨੂੰ ਪੜ੍ਹਾਇਆ ਸੀ, ਉਸ ਨਾਲ ਇੱਕ ਬੱਝਵੇਂ ਸਮਾਜਿਕ ਏਕੇ ਦੀ ਉਸਾਰੀ ਲਈ ਰਾਹ ਖੁੱਲ੍ਹਦਾ ਹੈ, ਜੋ ਅਜੋਕੇ ਯੁੱਗ ਵਿੱਚ ਵੀ ਪ੍ਰਸੰਗਕ ਹੈ। ਗੁਰੂ ਨਾਨਕ ਦਾ ਇਹ ਉਪਦੇਸ਼ ਕਿ 'ਨਾ ਕੋ ਹਿੰਦੂ ਨਾ ਮੁਸਲਮਾਨ' ਇਸ ਸਾਰੇ ਸਬਕ ਦਾ ਸਾਰ ਤੱਤ ਹੈ। ਇਸ ਮੌਕੇ ਭਾਰਤ ਤੋਂ ਇਸ ਕਾਨਫ਼ਰੰਸ ਲਈ ਵਿਸ਼ੇਸ਼ ਤੌਰ 'ਤੇ ਗਏ ਪ੍ਰੋਫ਼ੈਸਰ ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਡਾ. ਗੁਰਪਾਲ ਸਿੰਘ ਸੰਧੂ ਅਤੇ ਹੋਰ ਬੁਲਾਰਿਆਂ ਨੇ ਇਸ ਵਿਚਾਰ-ਚਰਚਾ ਵਿੱਚ ਸ਼ਿਰਕਤ ਕੀਤੀ। ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮੁਹੰਮਦ ਅਫ਼ਜ਼ਲ ਨੇ ਸਾਰੇ ਡੈਲੀਗੇਟਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਯੂਨੀਵਰਸਿਟੀ ਬਾਬਾ ਗੁਰੂ ਨਾਨਕ ਦੇ ਫਲਸਫੇ ਨੂੰ ਹੋਰ ਪਾਸਾਰ ਦੇਵੇਗੀ। ਉਨ੍ਹਾਂ ਨੇ ਸਾਰੇ ਡੈਲੀਗੇਟਸ ਨੂੰ ਯੂਨੀਵਰਸਿਟੀ ਵੱਲੋਂ ਯਾਦ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਅਤੇ ਬਾਅਦ ਵਿੱਚ ਯੂਨੀਵਰਸਿਟੀ ਦੀ ਉਸਾਰੀ ਅਧੀਨ ਥਾਂ ਦਾ ਫੇਰਾ ਵੀ ਪਵਾਇਆ, ਸਾਰੇ ਡੈਲੀਗੇਟਸ ਦੀ ਇਹ ਰਾਏ ਸੀ ਕਿ ਮੁਕੰਮਲ ਤੌਰ 'ਤੇ ਤਾਮੀਰ ਹੋਣ 'ਤੇ ਇਹ ਯੂਨੀਵਰਸਿਟੀ ਇੱਕ ਮਿਸਾਲੀ ਹੋਵੇਗੀ, ਜੋ ਗੁਰੂ ਨਾਨਕ ਦੇ ਫਲਸਫੇ ਦੇ ਪਾਸਾਰ ਅਤੇ ਦੂਜੇ ਗਿਆਨ ਖੇਤਰਾਂ ਵਿੱਚ ਵੀ ਨਿੱਠ ਕੇ ਕੰਮ ਕਰੇਗੀ। ਯੂਨੀਵਰਸਿਟੀ ਦੇ ਰਜਿਸਟਰਾਰ, ਹੋਰ ਅਧਿਕਾਰੀ ਅਤੇ ਪੰਜਾਬੀ ਵਿਭਾਗ ਦੇ ਪ੍ਰੋਫ਼ੈਸਰ ਡਾ. ਗ਼ਜ਼ਲਨਫ਼ਰ ਬੁਖਾਰੀ ਨੇ ਇਸ ਕਾਨਫ਼ਰੰਸ ਵਿੱਚ ਭਰਵੀਂ ਹਾਜ਼ਰੀ ਲੁਆਈ।

ਇਸ ਕਾਨਫ਼ਰੰਸ ਦਾ ਅਗਲਾ ਸੈਸ਼ਨ ਆਯੋਜਕਾਂ ਵੱਲੋਂ ਲਾਹੌਰ ਕਾਲਜ ਫਾਰ ਵੂਮੈਨ ਲਾਹੌਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿੱਚ ਕੀਤਾ ਗਿਆ। ਵਿਭਾਗ ਦੀ ਮੁਖੀ ਡਾ. ਮੁਜਾਹਿਦ ਬੱਟ ਵੱਲੋਂ ਭਾਰਤੀ ਪੰਜਾਬ ਤੋਂ ਗਏ ਅੱਠ ਡੈਲੀਗੇਟਸ ਦਾ ਸੁਆਗਤ ਕਰਦਿਆਂ ਉਨ੍ਹਾਂ ਕਿਹਾ ਕਿ ਦੋਵਾਂ ਪਾਸਿਆਂ ਦੇ ਵਿਚਾਰਵਾਨਾਂ ਦੇ ਮਿਲ ਬੈਠਣ ਅਤੇ ਵਿਚਾਰ-ਚਰਚਾ ਨਾਲ ਭਾਸ਼ਾ ਅਤੇ ਸੱਭਿਆਚਾਰ ਦੀ ਇਹ ਸਾਂਝ ਹੋਰ ਪੀਡੀ ਹੋਵੇਗੀ। ਪ੍ਰੋ. ਜਸਵਿੰਦਰ ਸਿੰਘ ਨੇ ਪੰਜਾਬੀ ਭਾਸ਼ਾ ਦੇ ਆਲਮੀ ਪੱਧਰ 'ਤੇ ਹੋ ਰਹੇ ਪਾਸਾਰੇ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਭਾਸ਼ਾ ਅਤੇ ਇਸ ਵਿੱਚ ਰਚਿਆ ਸਾਹਿਤ ਸਦੀਆਂ ਤੋਂ ਮਾਨਵੀ ਸਿਰਾਂ ਅਤੇ ਧਿਰਾਂ ਨੂੰ ਜੋੜਦਾ ਆ ਰਿਹਾ ਹੈ।

ਡਾ. ਹਰਜਿੰਦਰ ਸਿੰਘ ਅਟਵਾਲ ਨੇ ਮੱਧ ਕਾਲੀ ਕਾਵਿ ਦੇ ਪਛਾਣ ਚਿੰਨ੍ਹਾਂ ਦਾ ਜ਼ਿਕਰ ਕਰਦਿਆਂ ਇਸ ਵਿਚਲੀ ਵਿਰੋਧ ਤੇ ਨਾਬਰੀ ਦੀ ਸੁਰ ਬਾਰੇ ਗੱਲ ਕੀਤੀ। ਸੰਤ ਕਬੀਰ, ਗੁਰੂ ਨਾਨਕ, ਸੂਫ਼ੀ ਕਾਵਿ, ਕਿੱਸਾ ਕਾਵਿ ਦੀਆਂ ਉਦਾਹਰਣਾਂ ਨਾਲ ਆਪਣੇ ਪੱਖ ਨੂੰ ਹੋਰ ਪੁਖਤਾ ਕੀਤਾ। ਡਾ. ਧਨਵੰਤ ਕੌਰ ਨੇ ਪੰਜਾਬੀ ਕਹਾਣੀ ਦੇ ਵਿਭਿੰਨ ਪਾਸਾਰਾਂ ਨੂੰ ਸਪੱਸ਼ਟ ਕਰਦੇ ਹੋਏ ਕਿਹਾ ਕਿ ਦੋਨਾਂ ਪਾਸਿਆਂ ਦੀ ਪੰਜਾਬੀ ਕਹਾਣੀ ਵਿੱਚ ਮਾਨਵੀ ਸੁਰਾਂ ਦੀ ਸਾਂਝ ਚੜ੍ਹਦੇ/ਲਹਿੰਦੇ ਪੰਜਾਬ ਨੂੰ ਇਕਸੁਰ ਕਰਦੀ ਹੈ। ਡਾ. ਗੁਰਪਾਲ ਸਿੰਘ ਸੰਧੂ ਨੇ ਪੰਜਾਬੀ ਭਾਸ਼ਾ ਦੇ ਵਿਭਿੰਨ ਪਾਸਾਰਾਂ ਨੂੰ ਵਿਸਥਾਰ ਵਿੱਚ ਪੇਸ਼ ਕਰਦਿਆਂ

ਕਿਹਾ ਕਿ ਭਾਸ਼ਾ ਮਨੁੱਖਾਂ ਨੂੰ ਸਿਰ ਜੋੜ ਕੇ ਬੈਠਣ ਦਾ ਜ਼ਰੀਆ ਬਣਦੀ ਹੈ, ਪੰਜਾਬੀ ਸੱਭਿਆਚਾਰ ਅਤੇ ਸੰਸਕ੍ਰਿਤੀ ਵਿਚਲੀ ਪੰਜਾਬੀ ਜ਼ੁਬਾਨ ਦੀ ਸਾਂਝ ਦਾ ਵੀ ਜ਼ਿਕਰ ਕੀਤਾ। ਡਾ. ਮਨਜੀਤ ਕੌਰ ਨੇ ਪੰਜਾਬੀ ਲੋਕਧਾਰਾ ਦੇ ਵਿਭਿੰਨ ਪਾਸਾਰਾਂ ਦਾ ਜ਼ਿਕਰ ਕਰਦਿਆਂ ਉਸ ਵਿਚਲੀਆਂ ਵੱਖ-ਵੱਖ ਵੰਨਗੀਆਂ ਦਾ ਵਿਸਥਾਰ ਪੇਸ਼ ਕੀਤਾ। ਡਾ. ਗੁਰਪ੍ਰੀਤ ਕੌਰ, ਡਾ. ਲਖਵੀਰ ਸਿੰਘ ਸਿੱਧੂ ਅਤੇ ਡਾ. ਪਰਮਿੰਦਰ ਸਿੰਘ ਟਿਵਾਣਾ ਨੇ ਵੀ ਆਪੋ-ਆਪਣੇ ਪਰਚੇ ਪੇਸ਼ ਕੀਤੇ। ਸਾਰਾ ਦਿਨ ਚੱਲੇ ਇਸ ਸੈਸ਼ਨ ਵਿੱਚ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਅਧਿਆਪਕਾਂ, ਰੀਸਰਚ ਸਕਾਲਰਾਂ ਨੇ ਸਰਗਰਮੀ ਨਾਲ ਭਾਗ ਲਿਆ। ਇਨ੍ਹਾਂ ਵਿੱਚ ਡਾ. ਸਮੀਨਾ ਬਤੂਲ, ਡਾ. ਸਾਇਮਾ ਬਤੂਲ, ਡਾ. ਹਿਨਾ ਖ਼ਾਨ, ਡਾ. ਸੋਨੀਆ ਅਤੇ ਹੋਰ ਸ਼ਾਮਲ ਸਨ। ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਡਾ. ਆਬਿਦਾ ਹਸਨ ਨੇ ਇਸ ਕਾਨਫ਼ਰੰਸ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਆਪਣੀ ਗੱਲ ਕਹਿੰਦਿਆਂ ਕਿਹਾ ਕਿ ਇਹ ਯੂਨੀਵਰਸਿਟੀ ਇਸ ਵਰ੍ਹੇ ਆਪਣੀ ਸਥਾਪਤੀ ਦੇ ਸੌ ਵਰ੍ਹੇ ਪੂਰੇ ਕਰ ਰਹੀ ਹੈ। 1922 ਵਿੱਚ ਲੜਕੀਆਂ ਦੀ ਸਿੱਖਿਆ ਦੇ ਮਹੱਤਵ ਨੂੰ ਸਮਝਦਿਆਂ ਹੋਇਆਂ ਇਸ ਦੇ ਮੋਢੀਆਂ ਨੇ ਇਹ ਸੰਸਥਾ ਇੱਕ ਕਾਲਜ ਵਜੋਂ ਸਥਾਪਤ ਕੀਤੀ ਸੀ, ਜੋ ਅੱਜ ਯੂਨੀਵਰਸਿਟੀ ਦਾ ਦਰਜਾ ਹਾਸਲ ਕਰ ਚੁੱਕੀ ਹੈ। ਚੜ੍ਹਦੇ ਪੰਜਾਬ ਤੋਂ ਗਏ ਮਹਿਮਾਨ ਵਿਚਾਰਵਾਨਾਂ ਦਾ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਕਾਨਫ਼ਰੰਸ ਦੇ ਇਹ ਦੋਵੇਂ ਸੈਸ਼ਨ ਯਾਦਗਾਰੀ ਹੋ ਨਿੱਬੜੇ।

- ਹਰਜਿੰਦਰ ਅਟਵਾਲ (ਡਾ.)

ਜਸਵੀਰ ਰਾਣਾ ਨੂੰ ਜਸਵੰਤ ਸਿੰਘ ਪੁਰੇਵਾਲ ਪੁਰਸਕਾਰ

ਅਮਰਗੜ੍ਹ : ਜਸਵੀਰ ਰਾਣਾ ਪੰਜਾਬੀ ਦਾ ਪ੍ਰਸਿੱਧ ਕਹਾਣੀਕਾਰ ਹੈ। ਉਸ ਨੇ ਗਲਪ ਦੇ ਖੇਤਰ ਵਿੱਚ ਵਿਸ਼ੇਸ਼ ਕੰਮ ਕੀਤਾ ਹੈ। ਉਹ ਚਾਰ ਕਹਾਣੀ ਸੰਗ੍ਰਹਿ ਸਿਖਰ ਦੁਪਹਿਰਾ, ਖਿੱਤੀਆਂ ਘੁੰਮ ਰਹੀਆਂ ਨੇ, ਬਿੱਲੀਆਂ ਅੱਖਾਂ ਦਾ ਜਾਦੂ, ਉਰਫ ਰੋਸ਼ੀ ਜੱਲਾਦ ਸਮੇਤ ਇਕ ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ', ਸ਼ਬਦ-ਚਿੱਤਰ ਸੰਗ੍ਰਹਿ 'ਮੈਂ ਤੇ ਮੇਰੀ ਖਾਮੋਸ਼ੀ', ਬਾਲ ਕਹਾਣੀ ਸੰਗ੍ਰਹਿ 'ਮੇਰੀਆਂ ਬਾਲ ਕਹਾਣੀਆਂ' ਅਤੇ ਕਿੰਨਰਾਂ ਦੀ ਜ਼ਿੰਦਗੀ ਉੱਪਰ ਸੰਪਾਦਿਤ ਇਕ ਕਥਾ ਪੁਸਤਕ 'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ' ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਉਸ ਦੀਆਂ ਛੇ ਕਹਾਣੀਆਂ ਵੱਖ-ਵੱਖ ਕਾਲਜਾਂ, ਯੂਨੀਵਰਸਿਟੀਆਂ ਵਿੱਚ ਬੀ.ਏ, ਐੱਮ.ਏ ਦੇ ਸਿਲੇਬਸ ਵਿੱਚ ਲੱਗੀਆਂ ਹੋਈਆਂ ਹਨ। ਉਸ ਦੀਆਂ ਕਹਾਣੀਆਂ ਉੱਪਰ ਵੀਹ ਤੋਂ ਵੱਧ ਐੱਮ-ਫਿਲ ਤੇ ਪੀ ਐੱਚ ਡੀ ਪੱਧਰ ਦਾ ਖੋਜ ਕਾਰਜ ਹੋ ਚੁੱਕਾ ਹੈ। 1998 ਤੋਂ ਸਾਹਿਤ ਸਿਰਜਣਾ ਮੰਚ ਅਮਰਗੜ੍ਹ ਦਾ ਸੰਚਾਲਨ ਕਰ ਰਹੇ ਜਸਵੀਰ ਰਾਣਾ ਨੇ ਵੀਹ ਸਾਲ ਸ ਪ੍ਰਾ ਸਕੂਲ ਬਨਭੌਰਾ ਵਿੱਚ ਪੜ੍ਹਾਇਆ ਹੈ। ਉਹ ਅੱਜਕੱਲ੍ਹ ਸਰਕਾਰੀ ਪ੍ਰਾਇਮਰੀ ਸਕੂਲ ਕ੍ਰਿਸ਼ਨਾ ਕਾਲੋਨੀ ਮਾਲੇਰਕੋਟਲਾ ਵਿੱਚ ਬਤੌਰ ਹੈੱਡ ਟੀਚਰ ਕੰਮ ਕਰ ਰਿਹਾ ਹੈ। ਉਸ ਦੇ ਗਲਪੀ ਕਾਰਜ ਨੂੰ ਸਨਮਾਨਿਤ ਕਰਨ ਲਈ ਨਿਊਯਾਰਕ (ਯੂ ਐੱਸ ਏ) ਤੋਂ 'ਰਾਗਾ' ਮੈਗਜ਼ੀਨ ਦੇ ਮੁੱਖ ਸੰਪਾਦਕ ਇੰਦਰਜੀਤ ਪੁਰੇਵਾਲ ਵੱਲੋਂ 1,25000 (ਸਵਾ ਲੱਖ) ਨਕਦ ਰਾਸ਼ੀ ਦਾ ਚੌਥਾ ਡਾ. ਜਸਵੰਤ ਸਿੰਘ ਪੁਰੇਵਾਲ ਯਾਦਗਾਰੀ ਪੁਰਸਕਾਰ-2023 ਕਹਾਣੀਕਾਰ ਜਸਵੀਰ ਰਾਣਾ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਇਹ ਪੁਰਸਕਾਰ ਮਈ-ਅਗਸਤ 2023 ਨੂੰ 'ਰਾਗਾ' ਮੈਗਜ਼ੀਨ ਦੇ 14ਵੇਂ ਅੰਕ ਦੇ ਵਿਸ਼ੇਸ਼ ਰਿਲੀਜ਼ ਸਮਾਗਮ ਦੌਰਾਨ ਪ੍ਰਦਾਨ ਕੀਤਾ ਜਾਵੇਗਾ।

'ਜਾਗ ਪੰਜਾਬ ਤੂੰ ਜਾਗ' 'ਤੇ ਵਿਚਾਰ-ਚਰਚਾ

ਮਾਹਿਲਪੁਰ-ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਨਵੰਬਰ ਮਹੀਨੇ ਨੂੰ ਪੰਜਾਬੀ ਭਾਸ਼ਾ ਮਹੀਨੇ ਵਜੋਂ ਮਨਾਉਣ ਦੇ ਉਦੇਸ਼ ਨਾਲ 21 ਨਵੰਬਰ ਨੂੰ ਇਕ ਸਾਹਿਤਕ ਸਮਾਰੋਹ ਕਰਵਾਇਆ ਗਿਆ। ਸਮਾਰੋਹ ਦੇ ਪਹਿਲੇ ਸੈਸ਼ਨ ਵਿੱਚ ਪ੍ਰਸਿੱਧ ਲੇਖਕ ਪ੍ਰੋ. ਕੁਲਵੰਤ ਸਿੰਘ ਔਜਲਾ ਦੀ ਪੁਸਤਕ 'ਜਾਗ ਪੰਜਾਬ ਤੂੰ ਜਾਗ' 'ਤੇ ਪੁਸਤਕ ਗੋਸ਼ਟੀ ਕਰਵਾਈ ਗਈ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਕੁਲਵੰਤ ਸਿੰਘ ਔਜਲਾ, ਡਾ. ਗੋਪਾਲ ਸਿੰਘ ਬੁੱਟਰ, ਪ੍ਰਿੰ. ਡਾ. ਜਸਪਾਲ ਸਿੰਘ ਅਤੇ ਪ੍ਰਿੰ. ਡਾ. ਰੋਹਤਾਂਸ਼ ਸ਼ਾਮਲ ਹੋਏ। ਪੰਜਾਬੀ ਵਿਭਾਗ ਦੇ ਮੁਖੀ ਡਾ. ਜੇ. ਬੀ. ਸੇਖੋਂ ਨੇ ਪੰਜਾਬੀ ਭਾਸ਼ਾ ਮਹੀਨੇ ਦੀ ਸਾਰਥਿਕਤਾ ਬਾਰੇ ਦੱਸਿਆ ਅਤੇ ਵਿਭਾਗ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਸਾਂਝੀ ਕੀਤੀ। ਪ੍ਰਿੰ. ਡਾ. ਜਸਪਾਲ ਸਿੰਘ ਨੇ ਆਪਣੇ ਸੰਬੋਧਨ ਵਿੱਚ ਪੁੱਜੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਭਾਸ਼ਾ ਅਤੇ ਸਾਹਿਤ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਬਾਰੇ ਦੱਸਿਆ। ਇਸ ਮੌਕੇ ਕਾਵਿ ਪੁਸਤਕ 'ਜਾਗ ਪੰਜਾਬ ਤੂੰ ਜਾਗ' 'ਤੇ ਪ੍ਰੋ. ਸੰਧੂ ਵਰਿਆਣਵੀ ਨੇ ਆਪਣਾ ਖੋਜ ਪੱਤਰ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਇਹ ਪੁਸਤਕ ਪੰਜਾਬ ਦੇ ਸਾਂਝੇ ਫਿਕਰਾਂ ਨੂੰ ਪੇਸ਼ ਕਰਦੀ ਪਾਠਕਾਂ ਨੂੰ ਪੰਜਾਬੀ ਸਮਾਜ ਦੇ ਬਹੁਪੱਖੀ ਸੰਕਟਾਂ ਪ੍ਰਤੀ ਜਾਗਰੂਕ ਕਰਦੀ ਹੈ। ਡਾ. ਗੋਪਾਲ ਸਿੰਘ ਬੁੱਟਰ ਨੇ ਪ੍ਰੋ. ਕੁਲਵੰਤ ਸਿੰਘ ਔਜਲਾ ਦੀਆਂ ਕਵਿਤਾਵਾਂ ਦੀਆਂ ਮਿਸਾਲਾਂ ਦੇ ਕੇ ਕਿਹਾ ਕਿ ਚੰਗਾ ਲੇਖਕ ਆਪਣੇ ਵਿਚਾਰਾਂ ਨੂੰ ਕਲਾਤਮਿਕ ਢੰਗ ਨਾਲ ਪੇਸ਼ ਕਰਨ ਵਾਲਾ ਹੁੰਦਾ ਹੈ। ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਆਪਣੀ ਕਵਿਤਾ ਦੀ ਰਚਨਾ ਪ੍ਰਕਿਰਿਆ ਬਾਰੇ ਵਿਚਾਰ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਚੰਗਾ ਸਾਹਿਤ ਪੜ੍ਹਨ ਦੀ ਪ੍ਰੇਰਨਾ ਦਿੱਤੀ। ਸਮਾਰੋਹ ਦੇ ਦੂਜੇ ਸੈਸ਼ਨ ਵਿੱਚ ਕਰਵਾਏ ਕਵੀ ਦਰਬਾਰ ਮੌਕੇ ਪ੍ਰਧਾਨਗੀ ਮੰਡਲ ਵਿੱਚ ਸ਼ਾਇਰ ਨਵਤੇਜ ਗੜ੍ਹਦੀਵਾਲਾ, ਪ੍ਰੋ. ਅਜੀਤ ਲੰਗੇਰੀ, ਪ੍ਰਿੰ. ਡਾ. ਜਸਪਾਲ ਸਿੰਘ, ਡਾ. ਜੇ ਬੀ ਸੇਖੋਂ, ਪ੍ਰੋ. ਕੁਲਵੰਤ ਸਿੰਘ ਔਜਲਾ ਅਤੇ ਲੇਖਕ ਪਵਨ ਭੰਮੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਅਮਰੀਕ ਡੋਗਰਾ ਦੀ ਨਵ-ਪ੍ਰਕਾਸ਼ਿਤ ਪੁਸਤਕ 'ਸ਼ਬਦ-ਸ਼ਬਦ ਗੁਲਾਬ' ਲੋਕ ਅਰਪਣ ਕੀਤੀ ਗਈ। ਇਸ ਮੌਕੇ ਹਾਜ਼ਰ ਕਵੀਆਂ ਅਮਰੀਕ ਡੋਗਰਾ, ਪ੍ਰੋ. ਅਜੀਤ ਲੰਗੇਰੀ, ਅਵਤਾਰ ਸਿੰਘ ਸੰਧੂ, ਜੀਵਨ ਚੰਦੇਲੀ, ਪ੍ਰਿੰ. ਸੁਰਿੰਦਰਪਾਲ ਪ੍ਰਦੇਸੀ, ਅਵਤਾਰ ਲੰਗੇਰੀ, ਪਰਮਜੀਤ ਸਿੰਘ ਮਾਨ, ਓਮ ਪ੍ਰਕਾਸ਼ ਜ਼ਖ਼ਮੀ, ਵਿਦਿਆਰਥਣ ਜਸਪ੍ਰੀਤ ਕੌਰ, ਵਿਦਿਆਰਥਣ ਰਮਨਦੀਪ ਕੌਰ, ਪਵਨ ਕੁਮਾਰ ਭੰਮੀਆਂ, ਤਰਸੇਮ ਸਿੰਘ ਭੰਮੀਆਂ ਆਦਿ ਨੇ ਸਮਾਜਿਕ ਸਰੋਕਾਰਾਂ ਵਾਲੀਆਂ ਆਪਣੀਆਂ ਰਚਨਾਵਾਂ ਨਾਲ ਦਰਸ਼ਕਾਂ ਦੀ ਖੂਬ ਦਾਦ ਹਾਸਲ ਕੀਤੀ। ਮੰਚ ਸੰਚਾਲਨ ਪ੍ਰੋ. ਬਲਵੀਰ ਕੌਰ ਤੇ ਪ੍ਰੋ. ਅਸ਼ੋਕ ਕੁਮਾਰ ਨੇ ਕੀਤਾ।

ਬੀਬਾ ਬਲਵੰਤ ਨੂੰ ਗੁਰਚਰਨ ਰਾਮਪੁਰੀ ਪੁਰਸਕਾਰ

ਬੁਆਣੀ-ਪੰਜਾਬੀ ਲਿਖਾਰੀ ਸਭਾ ਰਾਮਪੁਰ ਵੱਲੋਂ ਗੁਰਚਰਨ ਰਾਮਪੁਰੀ ਪੁਰਸਕਾਰ ਸਮਾਗਮ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਡਾ. ਲਖਵਿੰਦਰ ਜੌਹਲ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਵਿਸ਼ੇਸ਼ ਮਹਿਮਾਨ ਗੁਰਭਜਨ ਗਿੱਲ ਸਾਬਕਾ ਪ੍ਰਧਾਨ ਸਾਹਿਤ ਅਕਾਦਮੀ ਲੁਧਿਆਣਾ, ਸਭਾ ਦੇ ਸਰਪ੍ਰਸਤ ਸੁਰਿੰਦਰ ਰਾਮਪੁਰੀ, ਸਭਾ ਦੇ ਪ੍ਰਧਾਨ ਜਸਵੀਰ ਝੱਜ ਤੇ ਪਰਵਾਰ ਵੱਲੋਂ ਅਮਨ ਧੂਰੀ ਸ਼ਾਮਲ ਹੋਏ। ਹਰਬੰਸ ਨੇ ਮੰਚ ਸੰਚਾਲਨਾ ਕਰਦੇ ਹੋਏ ਜੀ ਆਇਆਂ ਕਿਹਾ। ਜਸਵੀਰ ਝੱਜ ਨੇ ਹਾਜ਼ਰੀਨ ਦਾ ਸਵਾਗਤ ਕਰਦੇ ਹੋਏ ਸ੍ਰੀ ਗੁਰਚਰਨ ਰਾਮਪੁਰੀ ਦੇ ਕੈਨੇਡਾ ਵਸਦੇ ਪਰਵਾਰ, ਧੀਆਂ ਦਵਿੰਦਰ ਕੌਰ ਭੰਗੂ, ਸੁਖਮੋਹਿੰਦਰ ਕੌਰ ਭੰਗੂ, ਪੁੱਤਰ ਜਸਵੀਰ ਰਾਮਪੁਰੀ ਤੇ ਰਵਿੰਦਰ ਰਾਮਪੁਰੀ ਦਾ ਵੱਡੇ ਉਪਰਾਲੇ ਲਈ ਵਿਸ਼ੇਸ਼ ਧੰਨਵਾਦ ਕੀਤਾ। ਸੁਰਿੰਦਰ ਰਾਮਪੁਰੀ ਨੇ ਬੀਬਾ ਬਲਵੰਤ ਬਾਰੇ ਪੇਪਰ ਪੜ੍ਹ

27-NOV-PAGE-1.qxd 11/26/2022 10:21 PM Page 1

ਐਤਵਾਰ, 27 ਨਵੰਬਰ, 2022
12 ਮੱਘਰ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 177

ਨਵਾਂ ਜ਼ਮਾਨਾ

DAILY NAWAN ZAMANA • SUNDAY, 27 NOVEMBER, 2022 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਚੰਡੀਗੜ੍ਹ 'ਚ ਕਿਸਾਨ ਗਰਜੇ

- ਐੱਮ ਐੱਸ ਪੀ ਗਾਰੰਟੀ ਕਾਨੂੰਨ ਤੇ ਕਿਸਾਨੀ ਕਰਜ਼ਿਆਂ ਨੂੰ ਮਾਫ਼ ਕਰਵਾਉਣ ਲਈ ਦੂਜੇ ਪੜਾਅ ਦੇ ਸੰਘਰਸ਼ ਦੀ ਸ਼ੁਰੂਆਤ
- ਕੇਂਦਰੀ ਗ੍ਰਹਿ ਰਾਜ ਮੰਤਰੀ ਟੈਨੀ ਨੂੰ ਬਰਖਾਸਤ ਕਰਕੇ ਗ੍ਰਿਫ਼ਤਾਰ ਕਰਨ ਤੇ 4 ਕਿਸਾਨਾਂ ਨੂੰ ਰਿਹਾਅ ਕਰਨ ਦੀ ਕੀਤੀ ਮੰਗ

ਚੰਡੀਗੜ੍ਹ (ਗੁਰਜੀਤ ਬਿੱਲਾ)

ਸੰਯੁਕਤ ਕਿਸਾਨ ਮੋਰਚਾ ਦੇ ਦੇਸ਼-ਵਿਆਪੀ ਸੱਦੇ 'ਤੇ ਪੰਜਾਬ ਦੀਆਂ 33 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸ਼ਨੀਵਾਰ ਪੰਜਾਬ ਦੇ ਹਜ਼ਾਰਾਂ ਕਿਸਾਨਾਂ ਨੇ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਵਿਖੇ ਰਾਜ ਭਵਨ ਵੱਲ ਮਾਰਚ ਕਰਕੇ ਸੀ 2+50 ਫੀਸਦੀ ਫਾਰਮੂਲੇ ਤਹਿਤ ਐੱਮ ਐੱਸ ਪੀ ਗਾਰੰਟੀ ਦਾ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਦੂਜੇ ਪੜਾਅ ਦੇ ਸੰਘਰਸ਼ ਦੀ ਸ਼ੁਰੂਆਤ ਦੀ ਜ਼ੋਰਦਾਰ ਧਮਕ ਪਾਈ ਹੈ। ਰੈਲੀ ਵਿੱਚ ਵੱਡੀ ਗਿਣਤੀ 'ਚ ਔਰਤਾਂ ਵੀ ਸ਼ਾਮਲ ਹੋਈਆਂ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਆਪਣੇ ਵਾਅਦੇ ਪੂਰੇ ਕਰਨ ਦਾ ਕੋਈ ਇਰਾਦਾ ਨਹੀਂ ਅਤੇ ਵੱਡੇ ਅੰਦੋਲਨ ਦੀ ਲੋੜ ਹੈ।

ਕਿਸਾਨ ਆਗੂਆਂ ਜੋਗਿੰਦਰ ਸਿੰਘ ਉਗਰਾਹਾਂ, ਡਾਕਟਰ ਦਰਸ਼ਨ ਪਾਲ ਅਤੇ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਅਜੇ ਤੱਕ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ। ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ 26 ਨਵੰਬਰ 2020 ਨੂੰ ਸ਼ੁਰੂ ਹੋਇਆ ਸੀ, ਭਾਵੇਂ ਇਹ ਖੇਤੀ ਕਾਨੂੰਨ ਬਾਅਦ 'ਚ ਰੱਦ ਕਰ ਦਿੱਤੇ ਗਏ ਸਨ, ਪਰ ਸਰਕਾਰ ਕਿਸਾਨਾਂ ਦੀਆਂ ਕਈ ਮੰਗਾਂ ਵੱਲ ਅਜੇ ਵੀ ਧਿਆਨ ਨਹੀਂ ਦੇ ਰਹੀ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਖਿਲਾਫ ਅੰਦੋਲਨ ਦੌਰਾਨ ਦਰਜ ਕੀਤੇ ਕੇਸ ਅਜੇ ਵੀ ਰੱਦ ਨਹੀਂ ਕੀਤੇ ਗਏ। ਇਸ ਤੋਂ ਇਲਾਵਾ ਸਰਕਾਰ ਨੇ ਐੱਮ ਐੱਸ ਪੀ ਦੀ ਗਾਰੰਟੀ ਵੀ ਨਹੀਂ ਦਿੱਤੀ।

ਵਰਣਨਯੋਗ ਹੈ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਨਵੰਬਰ ਨੂੰ ਦੇਸ਼ ਭਰ 'ਚ ਰਾਜ-ਭਵਨਾਂ ਵੱਲ ਮਾਰਚ ਕਰਨ ਦਾ ਸੱਦਾ ਦਿੱਤਾ ਗਿਆ ਸੀ। ਦੋ ਦਰਜਨ ਤੋਂ ਵੱਧ ਸੂਬਿਆਂ ਵਿਚ ਮਾਰਚ ਕੀਤੇ ਗਏ। ਅੱਜ ਦਾ ਮਾਰਚ ਉਸ ਕੜੀ ਦਾ ਅਹਿਮ ਹਿੱਸਾ ਸਾਬਤ ਹੋਇਆ ਹੈ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼ ਦੇ ਰਾਸ਼ਟਰਪਤੀ ਦੇ ਨਾਂਅ ਸੂਬਿਆਂ ਦੇ ਰਾਜਪਾਲਾਂ ਰਾਹੀਂ ਭੇਜੇ ਗਏ ਮੰਗ ਪੱਤਰ ਵਿੱਚ ਸੀ 2+50 ਫੀਸਦੀ ਫਾਰਮੂਲੇ ਨਾਲ ਐੱਮ ਐੱਸ ਪੀ ਗਾਰੰਟੀ ਦਾ ਕਾਨੂੰਨ ਬਣਾਉਣ, ਕਿਸਾਨੀ ਕਰਜ਼ਿਆਂ 'ਤੇ ਲੀਕ ਮਾਰਨ, ਬਿਜਲੀ ਸੋਧ ਬਿੱਲ 2022 ਨੂੰ ਵਾਪਸ ਲੈਣ, ਲਖੀਮਪੁਰ ਖੀਰੀ ਕਾਂਡ ਦੇ ਮੁੱਖ

ਸਾਜਿਸ਼ਕਰਤਾ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਨੂੰ ਮੰਤਰੀ ਮੰਡਲ 'ਚੋਂ ਬਰਖਾਸਤ ਕਰਕੇ ਗ੍ਰਿਫਤਾਰ ਕਰਨ ਅਤੇ ਲਖੀਮਪੁਰ ਜੇਲ੍ਹ ਵਿੱਚ ਝੂਠਾ ਕੇਸ ਦਰਜ ਕਰਕੇ ਬੰਦ ਕੀਤੇ ਚਾਰ ਨੌਜਵਾਨ ਕਿਸਾਨਾਂ ਨੂੰ ਤੁਰੰਤ ਰਿਹਾਅ ਕਰਨ, ਸ਼ਹੀਦ ਅਤੇ ਜ਼ਖ਼ਮੀ ਕਿਸਾਨ ਪਰਵਾਰਾਂ ਨੂੰ ਮੁਆਵਜ਼ਾ ਦੇਣ ਦੇ ਨਾਲ-ਨਾਲ ਸਾਰੀਆਂ ਫ਼ਸਲਾਂ ਲਈ ਵਿਆਪਕ ਅਤੇ ਪ੍ਰਭਾਵੀ ਫ਼ਸਲੀ ਬੀਮਾ ਯੋਜਨਾ, ਕਿਸਾਨ ਅਤੇ ਖੇਤ ਮਜ਼ਦੂਰਾਂ ਲਈ ਮਹੀਨਾਵਾਰ ਪੈਨਸ਼ਨ ਸਕੀਮ ਲਾਗੂ ਕਰਨ ਅਤੇ ਕਿਸਾਨ ਅੰਦੋਲਨ ਦੌਰਾਨ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਦਰਜ ਹੋਏ ਪੁਲਸ ਕੇਸ ਵਾਪਸ ਲੈਣ ਦੀਆਂ ਮੰਗਾਂ ਉਠਾਈਆਂ ਗਈਆਂ ਹਨ।

ਮਾਰਚ ਕਰਨ ਤੋਂ ਪਹਿਲਾਂ ਕਿਸਾਨ ਗੁਰਦੁਆਰਾ ਅੰਬ ਸਾਹਿਬ ਦੇ ਸਾਹਮਣੇ ਖੁੱਲ੍ਹੇ ਮੈਦਾਨ ਵਿੱਚ ਬਣਾਏ ਪੰਡਾਲ 'ਚ ਇਕੱਠੇ ਹੋਏ। ਕਿਸਾਨਾਂ ਨੂੰ 33

● ਬਾਕੀ ਸਫ਼ਾ 10 'ਤੇ

ਮਾਨ ਨੇ ਪੰਜਾਬ ਰਾਜ ਬਿਜਲੀ ਨਿਗਮ ਦੇ 603 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ

ਸਹਾਇਕ ਲਾਈਨਮੈਨਾਂ ਦੀਆਂ 2100 ਅਸਾਮੀਆਂ ਅਗਲੇ ਮਹੀਨੇ ਭਰਨ ਦਾ ਐਲਾਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਕਿਹਾ ਕਿ ਪਹਿਲੀ ਵਾਰ ਕਿਸੇ ਸੂਬਾ ਸਰਕਾਰ ਨੇ ਆਪਣੇ ਕਾਰਜਕਾਲ ਦੇ ਮਹਿਜ਼ ਅੱਠ ਮਹੀਨਿਆਂ ਦੇ ਸਮੇਂ 'ਚ 21000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਲਈ ਨਿਯੁਕਤੀ ਪੱਤਰ ਸੌਂਪੇ ਹਨ। ਮੁੱਖ ਮੰਤਰੀ ਇੱਥੇ ਮਿਊਂਸਪਲ ਭਵਨ ਵਿਖੇ ਪੰਜਾਬ ਰਾਜ ਬਿਜਲੀ ਨਿਗਮ ਦੇ 603 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੰਡਣ ਮੌਕੇ ਸੰਬੋਧਨ ਕਰ ਰਹੇ ਸਨ। ਇਨ੍ਹਾਂ 603 ਉਮੀਦਵਾਰਾਂ ਵਿਚ 476 ਕਲਰਕ, 68 ਜੇ ਈ (ਇਲੈਕਟ੍ਰੀਕਲ) ਅਤੇ 59 ਜੇ ਈ (ਸਬ-ਸਟੇਸ਼ਨ) ਸਨ। ਮੁੱਖ ਮੰਤਰੀ ਨੇ ਕਿਹਾ ਕਿ ਵਿਆਪਕ ਪੱਧਰ ਉਤੇ ਸ਼ੁਰੂ ਕੀਤੀ ਇਸ ਭਰਤੀ ਮੁਹਿੰਮ ਸਰਕਾਰ ਦੀ ਨੌਜਵਾਨਾਂ ਪ੍ਰਤੀ ਦ੍ਰਿੜ੍ਹ ਵਚਨਬੱਧਤਾ ਨੂੰ ਦਰਸਾਉਂਦੀ ਹੈ, ਕਿਉਂਕਿ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਸਰਕਾਰ ਨੇ ਏਨੇ ਥੋੜ੍ਹੇ ਸਮੇਂ ਵਿਚ ਨੌਜਵਾਨਾਂ ਲਈ ਸਰਕਾਰੀ ਨੌਕਰੀਆਂ ਦੇ ਦਰਵਾਜੇ ਖੋਲ੍ਹੇ ਹਨ। ਆਮ ਆਦਮੀ ਸਰਕਾਰ ਨੂੰ ਅਜੇ ਅੱਠ ਮਹੀਨਿਆਂ ਦਾ ਸਮਾਂ ਹੋਇਆ ਹੈ, ਪਰ ਹੁਣ ਤੱਕ 21 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਇਸ ਵੇਲੇ ਕਈ ਵਿਭਾਗਾਂ ਵਿਚ ਭਰਤੀ ਚੱਲ ਰਹੀ ਹੈ, ਜਿਸ ਨਾਲ ਹੋਰ ਨੌਜਵਾਨ ਨੌਕਰੀ ਹਾਸਲ ਕਰਨ ਦੇ ਯੋਗ ਹੋਣਗੇ। ਪਾਰਦਰਸ਼ੀ ਭਰਤੀ ਪ੍ਰਕਿਰਿਆ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ, 'ਨੌਜਵਾਨਾਂ ਨੂੰ ਨੌਕਰੀ ਸਿਰਫ ਤੇ ਸਿਰਫ ਮੈਰਿਟ ਦੇ ਆਧਾਰ ਉਤੇ ਮਿਲੇਗੀ ਅਤੇ ਨੌਕਰੀ ਹਾਸਲ ਕਰਨਾ ਯੋਗ ਨੌਜਵਾਨ ਦਾ ਹੱਕ ਹੁੰਦਾ ਹੈ। ਇਸ ਮਾਮਲੇ ਵਿਚ ਮੈਂ ਨਾ ਕਿਸੇ ਦੀ ਸਿਫਾਰਸ਼ ਮੰਨਦਾ ਹਾਂ ਅਤੇ ਨਾ ਹੀ ਕਿਸੇ ਦੀ ਸਿਫਾਰਸ਼ ਚੱਲਣ ਦਿੰਦਾ ਹਾਂ, ਕਿਉਂਕਿ ਨੌਜਵਾਨ ਮੇਰੇ ਉਤੇ ਬਹੁਤ ਵਿਸ਼ਵਾਸ ਕਰਦੇ ਹਨ ਤੇ ਇਸ ਭਰੋਸੇ ਨੂੰ ਮੈਂ ਕਿਸੇ ਵੀ ਕੀਮਤ ਉਤੇ ਟੁੱਟਣ ਨਹੀਂ ਦੇਵਾਂਗਾ।'

ਨੌਜਵਾਨਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦੇਣ ਦੇ ਵਾਅਦੇ ਨੂੰ ਨਿਭਾਉਂਦੇ ਹੋਏ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਪੀ.ਐੱਸ.ਪੀ.ਸੀ.ਐੱਲ. ਵਿਚ ਸਹਾਇਕ ਲਾਈਨਮੈਨਾਂ ਦੀਆਂ 2100 ਅਸਾਮੀਆਂ ਅਗਲੇ ਮਹੀਨੇ ਭਰੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਅਸਾਮੀਆਂ ਲਈ ਪ੍ਰੀਖਿਆ ਹੋ ਚੁੱਕੀ ਹੈ ਅਤੇ ਨਤੀਜਾ ਵੀ ਇਸੇ ਹਫਤੇ ਐਲਾਨਿਆ ਜਾ ਰਿਹਾ ਹੈ ਅਤੇ ਅਗਲੇ ਮਹੀਨੇ ਚੁਣੇ ਗਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਣਗੇ।

ਇਸ ਦੌਰਾਨ ਨਿਯੁਕਤੀ ਪੱਤਰ ਦੇਣ ਲਈ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਨਵ-ਨਿਯੁਕਤ ਮਨਪ੍ਰੀਤ ਕੌਰ ਨੇ ਕਿਹਾ ਕਿ ਇਸ ਸਮੁੱਚੀ ਪ੍ਰਕਿਰਿਆ ਨੂੰ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ। ਉਨ੍ਹਾ ਕਿਹਾ ਕਿ ਅੱਜ ਦਾ ਦਿਨ ਉਸ ਦੀ ਜ਼ਿੰਦਗੀ ਦਾ ਇਤਿਹਾਸਕ ਦਿਨ ਹੈ।

ਇਕ ਹੋਰ ਨਵ-

● ਬਾਕੀ ਸਫ਼ਾ 10 'ਤੇ

ਅਗਲੀ ਵਾਰ ਲਗਭਗ 95 ਫੀਸਦੀ ਤੋਂ ਵੱਧ ਪਰਵਾਰਾਂ ਦਾ ਬਿਜਲੀ ਬਿੱਲ ਜ਼ੀਰੋ ਆਵੇਗਾ : ਮੁੱਖ ਮੰਤਰੀ

ਚੰਡੀਗੜ੍ਹ : ਪੰਜਾਬ ਵਾਸੀਆਂ ਲਈ ਮੁਫਤ ਘਰੇਲੂ ਬਿਜਲੀ ਦੀ ਸਹੂਲਤ ਨੂੰ ਸੌਗਾਤ ਦੱਸਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਕਿਹਾ ਕਿ ਆਉਂਦੇ ਮਹੀਨਿਆਂ ਵਿਚ ਸੂਬੇ ਦੇ 95 ਫੀਸਦੀ ਤੋਂ ਵੱਧ ਪਰਵਾਰਾਂ ਦਾ ਬਿਜਲੀ ਬਿੱਲ ਜ਼ੀਰੋ ਆਵੇਗਾ, ਜਿਸ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਨੂੰ ਹਰੇਕ ਬਿੱਲ 'ਤੇ 600 ਯੂਨਿਟ ਮੁਫਤ ਬਿਜਲੀ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਨਾਲ ਪਹਿਲੀ ਵਾਰ ਪੰਜਾਬ ਦੇ 86 ਫੀਸਦੀ ਪਰਵਾਰਾਂ ਦਾ ਬਿਜਲੀ ਬਿੱਲ ਜ਼ੀਰੋ ਆਇਆ ਹੈ ਅਤੇ ਆਉਂਦੇ ਮਹੀਨਿਆਂ ਵਿਚ 95 ਫੀਸਦੀ ਤੋਂ ਵੱਧ ਪਰਵਾਰ ਮੁਫਤ ਬਿਜਲੀ ਦਾ ਲਾਭ ਉਠਾਉਣਗੇ। ਇਹ ਕਦਮ ਘਰੇਲੂ ਖਪਤਕਾਰਾਂ ਲਈ ਵੱਡੀ ਰਾਹਤ ਹੈ, ਜਿਨ੍ਹਾਂ ਨੂੰ ਹੁਣ ਤੱਕ ਹਰ ਮਹੀਨੇ ਬਿਜਲੀ ਬਿੱਲਾਂ ਦੇ ਰੂਪ ਵਿੱਚ ਕਾਫੀ ਪੈਸਾ ਖਰਚਣਾ ਪੈਂਦਾ ਸੀ। ਮੁੱਖ ਮੰਤਰੀ ਨੇ ਕਿਹਾ, 'ਅਸੀਂ ਜੋ ਵਾਅਦਾ ਕਰਦੇ ਹਾਂ, ਉਸ ਨੂੰ ਪੂਰਾ ਵੀ ਕਰਦੇ ਹਾਂ। ਨੇਕ ਨੀਅਤ ਨਾਲ ਕੀਤੇ ਕੰਮਾਂ ਦੇ ਨਤੀਜੇ ਹਮੇਸ਼ਾ ਚੰਗੇ ਹੁੰਦੇ ਹਨ। ਪੰਜਾਬੀਆਂ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਉਨ੍ਹਾਂ ਦੇ ਘਰਾਂ ਦਾ ਬਿਜਲੀ ਬਿੱਲ ਇਕ ਦਿਨ ਜ਼ੀਰੋ ਆਵੇਗਾ, ਪਰ ਹੁਣ ਇਹ ਸੱਚ ਸਾਬਤ ਹੋਇਆ।

ਲੰਗਾਹ ਦਾ ਅਕਾਲੀ ਦਲ 'ਚ ਘਰ ਵਾਪਸੀ ਦਾ ਰਾਹ ਹੋਇਆ ਸਾਫ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਬਦਕਾਰੀ ਦੇ ਦੋਸ਼ ਵਿੱਚ ਪੰਥ ਵਿੱਚੋਂ ਛੇਕੇ ਗਏ ਸਾਬਕਾ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਨੂੰ ਸ਼ਨੀਵਾਰ ਸ੍ਰੀ ਅਕਾਲ ਤਖਤ ਤੋਂ ਤਨਖਾਹੀਆ ਕਰਾਰ ਦੇ ਕੇ ਪੰਜ ਸਿੰਘ ਸਾਹਿਬਾਨ ਨੇ 21 ਦਿਨ ਦੀ ਤਨਖਾਹ ਲਗਾਈ। ਹਰ ਰੋਜ਼ ਸੰਗਤਾਂ ਦੇ ਭਾਂਡੇ ਮਾਂਜਣੇ, ਕੀਰਤਨ ਸੁਣਨਾ ਤੇ ਕਿਸੇ ਇੱਕ ਦਿਨ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਗੁਰੂ ਦੀਆਂ ਵਾਰਾਂ ਗਾ ਕੇ ਗੁਰੂ ਦੀ ਮਹਿਮਾ ਕਰਨ ਵਾਲਿਆਂ ਢਾਡੀ ਜਥਿਆਂ ਲਈ ਘਰੋਂ ਲੰਗਰ ਤਿਆਰ ਕਰਕੇ ਲਿਆ ਕੇ ਛਕਾਉਣਾ ਤੇ ਜਿੰਨੇ ਵੀ ਢਾਡੀ ਜਥੇ ਲੱਗਣ, ਸਾਰਿਆਂ ਨੂੰ 5100-5100 ਰੁਪਏ ਦੀ ਭੇਟਾ ਦੇਣ ਦਾ ਫੁਰਮਾਨ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੁਣਾਇਆ, ਜਿਸ ਨੂੰ ਸੁੱਚਾ ਸਿੰਘ ਲੰਗਾਹ ਨੇ ਗਲ ਵਿੱਚ ਪੱਲਾ ਪਾ ਕੇ ਕਬੂਲ ਕਰਦਿਆ ਕਿਹਾ ਕਿ ਉਸ ਕੋਲੋਂ ਬੱਜਰ ਗਲਤੀ ਹੋਈ ਹੈ ਤੇ ਉਹ ਅਕਾਲ ਤਖਤ ਸਾਹਿਬ ਤੋਂ

ਅਕਾਲ ਤਖਤ ਤੋਂ ਲੱਗੀ 21 ਦਿਨ ਦੀ ਤਨਖਾਹ

ਜਾਰੀ ਫੁਰਮਾਨ ਦੀ ਇਨ-ਬਿਨ ਪਾਲਣਾ ਕਰਨ ਦਾ ਪਾਬੰਦ ਹੈ।

ਸ਼੍ਰੋਮਣੀ ਅਕਾਲੀ ਦਲ ਦੀਆਂ ਸਫਾਂ ਵਿੱਚ ਆਪਣੀ ਵਿਸ਼ੇਸ਼ ਪੈਂਠ ਰੱਖਣ ਵਾਲੇ ਸੁੱਚਾ ਸਿੰਘ ਲੰਗਾਹ 'ਤੇ 2017 ਵਿੱਚ ਉਸ ਵੇਲੇ ਗਾਜ਼ ਡਿੱਗੀ, ਜਦੋਂ ਉਸ ਦੀ ਇੱਕ ਅਸ਼ਲੀਲ ਵੀਡੀਓ ਜੰਗਲ ਦੀ ਅੱਗ ਵਾਂਗ ਸੋਸ਼ਲ ਮੀਡੀਏ 'ਤੇ ਵਾਇਰਲ ਹੋ ਗਈ ਤੇ ਚਾਰੇ ਪਾਸੇ ਲੰਗਾਹ ਨੂੰ ਲੈ ਕੇ ਕਾਫੀ ਤੱਤੇ-ਤੱਤੇ ਬਿਆਨ ਵੱਖ-ਵੱਖ ਪਾਰਟੀਆਂ ਦੇ ਆਉਣੇ ਸ਼ੁਰੂ ਹੋ ਗਏ ਸਨ। ਅਕਾਲੀ ਦਲ ਨੇ ਤੁਰੰਤ ਉਸ ਨੂੰ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਤੇ ਅਕਾਲ ਤਖਤ 'ਤੇ ਵੀ ਪੰਜ ਤਖਤਾਂ ਦੇ ਜਥੇਦਾਰਾਂ ਦੀ ਮੀਟਿੰਗ ਤੱਤਕਾਲ ਬੁਲਾ ਕੇ ਲੰਗਾਹ ਨੂੰ ਪੰਥ ਵਿੱਚੋ ਛੇਕ ਦਿੱਤਾ। ਪੁਲਸ ਨੇ ਵੀ ਧਾਰਾ 376 ਤਹਿਤ ਕੇਸ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਸੀ। ਕਈ ਦਿਨ ਪੁਲਸ ਰਿਮਾਂਡ 'ਤੇ ਰਹਿਣ ਦੇ ਬਾਵਜੂਦ ਜਦੋਂ ਅਦਾਲਤ ਵਿੱਚ ਪੇਸ਼ ਕੀਤਾ ਸੀ ਤਾਂ ਲੰਗਾਹ ਭਗਤਾਂ ਨੇ ਜਿਹੜੀ ਕਿਰਕਰੀ ਕਰਵਾਈ, ਉਸ ਦੀ ਵੀ ਕੋਈ ਮਿਸਾਲ ਨਹੀਂ ਮਿਲਦੀ। ਲੰਗਾਹ ਭਗਤਾਂ ਅਦਾਲਤ ਕੰਪਲੈਕਸ ਵਿੱਚ ਇਹ ਨਾਅਰਾ ਲਗਾਇਆ ਸੀ, 'ਲੰਗਾਹ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ' ਤਾਂ ਲੰਗਾਹ ਦੀ ਟਰੋਲਿੰਗ ਦੀ ਕਸਰ ਉਸ ਦੇ ਪੈਰੋਕਾਰਾਂ ਨੇ ਕੱਢ ਦਿੱਤੀ ਸੀ। ਅਗਲੇ ਦਿਨ ਕਈ ਅਖਬਾਰਾਂ ਨੇ ਵਿਅੰਗਮਈ ਤਰੀਕੇ ਨਾਲ ਖਬਰਾਂ ਪ੍ਰਕਾਸ਼ਤ ਕਰਕੇ ਜਿਹੜੀ ਖਿੱਲੀ ਲੰਗਾਰ ਦੀ ਉਡਾਈ ਸੀ ਉਹ ਵੀ ਇੰਤਹਾ ਕਰਨ ਵਾਲੀ ਹੀ ਸੀ। ਲੰਮਾ ਸਮਾਂ

● ਬਾਕੀ ਸਫ਼ਾ 10 'ਤੇ

ਬੀ ਐੱਸ ਐੱਫ ਦੇ ਜਵਾਨਾਂ ਨੇ ਸੁੱਟਿਆ ਪਾਕਿਸਤਾਨੀ ਡਰੋਨ

ਅੰਮ੍ਰਿਤਸਰ : ਅੰਮ੍ਰਿਤਸਰ ਸੈਕਟਰ ਅਧੀਨ ਪੈਂਦੀ ਚੌਕੀ ਦਾਉਕੇ ਵਿਖੇ ਰਾਤ ਤਕਰੀਬਨ 10 ਵਜੇ ਡਰੋਨ ਦੀ ਆਵਾਜ਼ ਆਈ ਤਾਂ ਇਸ ਦੌਰਾਨ ਗਸ਼ਤ ਕਰ ਰਹੇ ਬੀ ਐੱਸ ਐੱਫ ਜਵਾਨਾਂ ਨੇ ਕਾਰਵਾਈ ਕਰਦੇ ਹੋਏ ਗੋਲੀਬਾਰੀ ਸ਼ੁਰੂ ਕਰ ਦਿੱਤੀ। ਕੁਝ ਹੀ ਮਿੰਟਾਂ 'ਚ ਡਰੋਨ ਦੀ ਆਵਾਜ਼ ਬੰਦ ਹੋ ਗਈ। ਜਿਸ ਤੋਂ ਬਾਅਦ ਬੀ ਐੱਸ ਐੱਫ ਦੇ ਜਵਾਨਾਂ ਵੱਲੋਂ ਇਲਾਕੇ 'ਚ ਤਲਾਸ਼ੀ ਮੁਹਿੰਮ ਚਲਾਈ ਗਈ। ਜਿਸ 'ਚ ਬੀ ਐੱਸ ਐੱਫ ਦੇ ਜਵਾਨਾਂ ਨੇ ਖੇਤਾਂ 'ਚ ਡਿੱਗਿਆ ਡਰੋਨ ਬਰਾਮਦ ਕਰ ਲਿਆ ਹੈ। ਇਹ 8-ਪ੍ਰੋਪੈਲਰ (ਵਿੰਗ) ਆਕਟਾ-ਕਾਪਟਰ ਇੱਕ ਸਾਂਝੀ ਮੈਟ੍ਰਿਕਸ ਹੈ, ਜਿਸ ਦੀ ਵਰਤੋਂ ਪਾਕਿਸਤਾਨੀ ਤਸਕਰ ਵੱਡੀਆਂ ਖੇਪਾਂ 'ਚ ਸਰਹੱਦ ਪਾਰ ਕਰਨ ਲਈ ਕਰਦੇ ਹਨ। ਦੂਜੇ ਪਾਸੇ ਸੈਕਟਰ ਪਠਾਨਕੋਟ ਅਧੀਨ ਪੈਂਦੇ ਫਰੀਪੁਰ ਚੌਕੀ 'ਤੇ ਗਸ਼ਤ ਕਰ ਰਹੇ ਜਵਾਨਾਂ ਨੇ ਦੂਜੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ। ਹਾਈ-ਟੈਕ ਬੀ ਐੱਸ ਐੱਫ ਨੇ ਪਾਕਿਸਤਾਨੀ ਰੇਂਜਰਾਂ ਦੀ ਚੌਕੀ ਫਰਾਈਪੁਰ 'ਚ ਥਰਮਲ ਕੈਮਰਿਆਂ ਦੀ ਮਦਦ ਨਾਲ ਦੋ ਘੁਸਪੈਠੀਆਂ ਨੂੰ ਕਾਰਵਾਈ ਕਰਦੇ ਹੋਏ ਦੇਖਿਆ। ਬੀ ਐੱਸ ਐੱਫ ਦੀ ਬਟਾਲੀਅਨ 121 ਦੇ ਜਵਾਨ ਗਸ਼ਤ 'ਤੇ

page-6-27-Nov-2022-advt.qxd 11/26/2022 10:30 PM Page 1

30 ਨੂੰ ਕੁੰਡਾ ਖੜਕਾਉਣ ਵਾਲੇ ਇਕੱਠ 'ਚ ਵੱਡੀ ਗਿਣਤੀ 'ਚ ਨਰੇਗਾ ਕਾਮੇ ਸ਼ਮੂਲੀਅਤ ਕਰਨਗੇ : ਗਦਾਈਆ

ਨਾਭਾ (ਵਰਿੰਦਰ ਵਰਮਾ)-ਪੰਜਾਬ ਦੇ ਪੇਂਡੂ ਕਿਰਤੀਆਂ ਦੀਆਂ ਭਖਦੀਆ ਮੰਗਾਂ ਨੂੰ ਹੱਲ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੇ ਸੁਭਾਅ ਮੁਤਾਬਕ ਵਾਰ-ਵਾਰ ਮਜ਼ਦੂਰ ਜਥੇਬੰਦੀਆਂ ਨੂੰ ਮੀਟਿੰਗ ਦਾ ਟਾਈਮ ਦੇ ਕੇ ਮੁੱਕਰਦੇ ਰਹੇ। ਇੱਕ ਮੀਟਿੰਗ ਮਜ਼ਦੂਰ ਜਥੇਬੰਦੀਆਂ ਨਾਲ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਵੀ ਹੋ ਚੁੱਕੀ ਹੈ, ਪਰ ਪਰਨਾਲਾ ਉੱਥੇ ਦਾ ਉੱਥੇ ਹੀ ਹੈ, ਪੇਂਡੂ ਕਿਰਤੀਆਂ ਦੀਆਂ ਮੰਗਾਂ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਇਸ ਲਈ 30 ਨਵੰਬਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੰਗਰੂਰ ਸਥਿਤ ਘਰ ਦਾ ਕੁੰਡਾ ਖੜਕਾਉਣ ਲਈ ਮਜ਼ਦੂਰ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਪੂਰੀ ਤਿਆਰੀ 'ਚ ਲੱਗੀਆਂ ਹੋਈਆਂ ਹਨ। ਪੰਜਾਬ 'ਚ ਬਹੁਤ ਵੱਡੀ ਗਿਣਤੀ ਵਿੱਚ ਮਨਰੇਗਾ 'ਚ ਕੰਮ ਕਰਨ ਵਾਲੇ ਮਜ਼ਦੂਰ ਵੀ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੀ ਅਗਵਾਈ ਵਿੱਚ ਇਸ ਪ੍ਰਵਾਭਸ਼ਾਲੀ ਇਕੱਠ ਕਾਫਲੇ ਬਣਾ ਕੇ ਸ਼ਾਮਲ ਹੋਣਗੇ। ਸ਼ਨੀਵਾਰ ਨਾਭਾ ਤਹਿਸੀਲ ਦੇ ਪਿੰਡਾਂ ਬਨੇਰਾ ਖੁਰਦ, ਬਨੇਰਾ ਕਲਾਂ, ਗਲਵੱਟੀ, ਸੁਖੇਵਾਲ, ਗਦਾਈਆ ਵਿਖੇ ਪ੍ਰਵਾਭਸ਼ਾਲੀ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਨੇ ਕਿਹਾ ਕਿ ਨਰੇਗਾ ਕਾਮੇ ਸਿਰਫ 90 ਦਿਨ ਨਰੇਗਾ ਕੰਮ ਕਰਨ ਦੇ ਹੱਕਦਾਰ ਹਨ, ਬਾਕੀ ਸਾਰਾ ਸਾਲ ਉਹ ਖੇਤਾਂ 'ਚ ਕੰਮ ਕਰਨ ਵਾਲੇ ਕਾਮੇ ਹਨ। ਨਰੇਗਾ ਕਾਮਿਆਂ ਦੀਆ ਉਜਰਤਾਂ 'ਚ ਵਾਧਾ ਕਰਨ ਤੇ ਕੰਮ ਦਿਨਾਂ ਦੀ ਗਿਣਤੀ ਵਿੱਚ ਵਾਧਾ ਕਰਨ ਲਈ ਮਜ਼ਦੂਰ ਮੋਰਚਾ ਆਵਾਜ਼ ਬੁਲੰਦ ਕਰ ਰਿਹਾ ਹੈ। ਪੇਂਡੂ ਕਿਰਤੀਆਂ ਦੇ ਘਰਾਂ ਦੀ ਹਾਲਤ ਤਰਸਯੋਗ ਹੈ, ਬਹੁਤ ਛੋਟੇ-ਛੋਟੇ ਘਰਾਂ 'ਚ ਮਜ਼ਦੂਰ ਦਿਨ ਕਟੀ ਕਰ ਰਹੇ ਹਨ, ਪਸ਼ੂਆਂ ਲਈ ਕੋਈ ਥਾਂ-ਟਿਕਾਣਾ ਇਹਨਾਂ ਮਜ਼ਦੂਰਾਂ ਕੋਲ ਨਹੀਂ, ਰੂੜੀਆਂ ਲਈ ਇਹਨਾਂ ਕੋਲ ਕੋਈ ਥਾਂ ਨਹੀਂ, ਇਸ ਲਈ ਇਹਨਾਂ ਗਰੀਬ ਪੇਂਡੂ ਕਿਰਤੀਆਂ ਲਈ 5-5 ਮਰਲੇ ਦੇ ਪਲਾਟ ਤੇ ਚੱਜ ਦੇ ਘਰ ਬਣਾਉਣ ਲਈ 5 ਲੱਖ ਰੁਪਏ ਗਰਾਂਟ ਦੀ ਫੌਰੀ ਲੋੜ ਹੈ। ਮਜ਼ਦੂਰ ਆਗੂ ਨੇ ਕਿਹਾ ਕਿ 30 ਨਵੰਬਰ ਨੂੰ ਨਰੇਗਾ ਕਾਮਿਆਂ ਨੂੰ ਆਪਣੇ ਕੰਮਾਂ ਤੋਂ ਛੁੱਟੀ ਕਰਕੇ ਸੰਗਰੂਰ ਵੱਲ ਵਹੀਰਾਂ ਘੱਤ ਦੇਣੀਆਂ ਚਾਹੀਦੀਆਂ ਹਨ। ਮੀਟਿੰਗਾਂ ਨੂੰ ਪੰਜਾਬ ਇਸਤਰੀ ਸਭਾ ਦੀ ਆਗੂ ਬਲਜੀਤ ਕੌਰ ਗਦਾਈਆ, ਮਨਜੀਤ ਕੌਰ ਸੁੱਖੇਵਾਲ, ਨਿਰਮਲ ਸਿੰਘ ਸੁੱਖੇਵਾਲ, ਹਰਜੀਤ ਕੌਰ ਗਲਵੱਟੀ, ਬੱਗਾ ਸਿੰਘ ਗਲਵੱਟੀ, ਦਰਸ਼ਨਾ ਕੌਰ ਬਨੇਰਾ ਖੁਰਦ ਤੇ ਅਮਨਦੀਪ ਕੌਰ ਬਨੇਰਾ ਖੁਰਦ ਨੇ ਵੀ ਸੰਬੋਧਨ ਕੀਤਾ।

ਨਗਰ ਕੌਂਸਲ ਦੇ ਫੰਡਾਂ 'ਚ ਘਪਲਾ ਕਰਨ ਦੇ ਦੋਸ਼ 'ਚ ਈ ਓ ਗ੍ਰਿਫ਼ਤਾਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਨਗਰ ਕੌਂਸਲ ਗੁਰਦਾਸਪੁਰ ਦੇ ਕਾਰਜਕਾਰੀ ਅਧਿਕਾਰੀ (ਈ. ਓ.) ਅਸ਼ੋਕ ਕੁਮਾਰ ਨੂੰ ਸੂਬਾ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਗ੍ਰਾਂਟਾਂ ਵਿੱਚ ਘਪਲਾ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਮੌਜੂਦਾ ਵਿੱਤੀ ਵਰ੍ਹੇ ਦੌਰਾਨ ਨਗਰ ਕੌਂਸਲ ਦੀਨਾਨਗਰ ਨੂੰ ਵਿਕਾਸ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਸਨ। ਵਿਜੀਲੈਂਸ ਬਿਊਰੋ ਵੱਲੋਂ ਕੀਤੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮ ਈ. ਓ. ਅਸ਼ੋਕ ਕੁਮਾਰ ਨੇ ਦੀਨਾਨਗਰ ਵਿਖੇ ਆਪਣੀ ਤਾਇਨਾਤੀ ਦੌਰਾਨ ਇੱਕ ਸਥਾਨਕ ਵਿਕਰੇਤਾ ਤੋਂ ਸਟਰੀਟ ਲਾਈਟਾਂ ਦੀ ਖਰੀਦ ਲਈ 1,97,000 ਰੁਪਏ ਦਾ ਫ਼ਰਜ਼ੀ ਬਿੱਲ ਪ੍ਰਵਾਨ ਕੀਤਾ ਸੀ ਪਰ ਅਸਲ ਵਿੱਚ ਇਸ ਸਬੰਧੀ ਕੋਈ ਖਰੀਦ ਹੀ ਨਹੀਂ ਕੀਤੀ ਗਈ ਅਤੇ ਉਸ ਨੇ ਨਿੱਜੀ ਹਿੱਤਾਂ ਲਈ ਪੈਸੇ ਦਾ ਗਬਨ ਕਰਨ ਅਤੇ ਵਿਭਾਗ ਨੂੰ ਭੇਜੇ ਜਾਣ ਵਾਲੇ ਉਪਯੋਗਤਾ ਸਰਟੀਫਿਕੇਟ ਵਜੋਂ ਵਰਤਣ ਲਈ ਇਹ ਫ਼ਰਜ਼ੀ ਬਿੱਲ ਤਿਆਰ ਕੀਤਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਮੁਲਜ਼ਮ ਈ. ਓ. ਨੇ ਦੀਨਾਨਗਰ ਨਗਰ ਕੌਂਸਲ ਲਈ ਪੀ. ਐੱਮ. ਆਈ. ਡੀ. ਸੀ. ਸਕੀਮ ਤਹਿਤ ਜਾਰੀ ਕੀਤੀਆਂ ਗ੍ਰਾਂਟਾਂ ਵਿੱਚ ਵੀ ਘਪਲਾ ਕੀਤਾ ਹੈ। ਇਸ ਸਬੰਧੀ ਉਕਤ ਈ. ਓ. ਖਿਲਾਫ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਸੀ।

ਪ੍ਰਿੰ. ਰੰਧਾਵਾ ਨੇ ਗੁਰੂ ਖਾਲਸਾ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ

ਮਜੀਠਾ (ਸੋਇਮ ਆਨੰਦ)-ਸ਼ਹੀਦ ਭਗਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੋਸ਼ਲ ਐਂਡ ਵੈੱਲਫੇਅਰ ਸੁਸਾਇਟੀ ਰਜਿ: ਇੰਡੋ ਕੈਨੇਡਾ ਅੰਮ੍ਰਿਤਸਰ ਦੇ ਸਹਿਯੋਗ ਨਾਲ ਪਿਛਲੇ ਵਿੱਦਿਅਕ ਸਾਲ ਦੌਰਾਨ ਸਾਲਾਨਾ ਨਤੀਜਿਆਂ 'ਚ ਵੱਖ-ਵੱਖ ਸਥਾਨ ਹਾਸਲ ਕਰਨ ਵਾਲੇ ਗੁਰੂ ਖਾਲਸਾ ਹਾਈ ਸਕੂਲ ਸ਼ਾਮ ਨਗਰ ਵਿਖੇ ਸੁਸਾਇਟੀ ਦੇ ਚੇਅਰਮੈਨ ਤੇ ਉਘੇ ਸਮਾਜ ਸੇਵੀ ਪ੍ਰਿੰ. ਗੁਰਦੀਪ ਸਿੰਘ ਰੰਧਾਵਾ, ਸੁਸਾਇਟੀ ਪ੍ਰਧਾਨ ਮਨਜੀਤ ਸਿੰਘ ਭੋਮਾ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰੰਧਾਵਾ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਪੜ੍ਹਾਈ ਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਪਹਿਲੀ ਕਲਾਸ ਤੋਂ ਲੈ ਕੇ ਦਸਵੀਂ ਕਲਾਸ ਤੱਕ ਦੇ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਹੀ ਕੀਤਾ ਜਾਵੇਗਾ ਸਨਮਾਨਿਤ। ਉਨ੍ਹਾਂ ਨੇ ਆਪਣੇ ਸਮੇਂ ਵਿੱਚ ਇਸ ਸਕੂਲ ਦੀ ਬਿਹਤਰੀ ਲਈ ਕੀਤੇ ਕੰਮਾਂ ਦਾ ਵੀ ਜ਼ਿਕਰ ਕੀਤਾ ਅਤੇ ਅੱਗੋਂ ਵੀ ਲਗਾਤਾਰ ਸਹਿਯੋਗ ਕਰਨ ਦੀ ਵਚਨਬੱਧਤਾ ਦੁਹਰਾਈ। ਇਸ ਮੌਕੇ ਸੁਸਾਇਟੀ ਪ੍ਰਧਾਨ ਮਨਜੀਤ ਸਿੰਘ ਭੋਮਾ ਨੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਅਤੇ ਜਿਹੜੇ ਬੱਚੇ ਆਪਣੀਆਂ ਫੀਸਾਂ ਨਹੀਂ ਦੇ ਸਕਦੇ ਉਨ੍ਹਾਂ ਦੀਆਂ ਫੀਸਾਂ ਲਈ ਆਪਣੇ ਨਿੱਜੀ ਖਰਚੇ ਵਿੱਚੋਂ ਬੱਚਿਆਂ ਦੀਆਂ ਫੀਸਾਂ ਲਈ ਪੰਜ ਹਜ਼ਾਰ ਰੁਪਏ ਸਕੂਲ ਇੰਚਾਰਜ ਮੈਡਮ ਯੁਗੇਸ਼ਵਰੀ ਡੋਗਰਾ ਨੂੰ ਦਿੱਤੇ। ਇਸ ਮੌਕੇ ਮੁੱਖ ਮਹਿਮਾਨ ਪ੍ਰਿੰ. ਗੁਰਦੀਪ ਸਿੰਘ ਰੰਧਾਵਾ, ਮੀਤ ਚੇਅਰਮੈਨ ਹਰਭਜਨ ਸਿੰਘ ਅਤੇ ਸੁਸਾਇਟੀ ਪ੍ਰਧਾਨ ਮਨਜੀਤ ਸਿੰਘ ਭੋਮਾ ਨੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰਿੰ. ਰੰਧਾਵਾ ਨਾਲ ਪ੍ਰਧਾਨ ਮਨਜੀਤ ਸਿੰਘ ਭੋਮਾ, ਮੀਤ ਚੇਅਰਮੈਨ ਹਰਭਜਨ ਸਿੰਘ, ਸਕੂਲ ਹੈੱਡ ਮੈਡਮ ਯੋਗੇਸ਼ਵਰੀ ਡੋਗਰਾ, ਪ੍ਰਿੰ. ਦੀਪਵਿੰਦਰ ਸਿੰਘ, ਸੁਪਰੀਤ ਸਿੰਘ, ਪਿਰਥੀਪਾਲ ਸਿੰਘ ਸਿੱਧੂ, ਸਿਮਰਨਜੀਤ ਕੌਰ, ਜਗਰੂਪ ਕੌਰ, ਮਨਦੀਪ ਕੌਰ, ਪਰਮਜੀਤ ਕੌਰ, ਬਲਜੀਤ ਕੌਰ, ਮਨਪਰੀਤ ਕੌਰ, ਸੁਖਵਿੰਦਰ ਕੌਰ, ਸਿਮਰਜੀਤ ਕੌਰ, ਬਲਵਿੰਦਰ ਕੌਰ, ਰਾਜਵਿੰਦਰ ਕੌਰ ਅਤੇ ਹਰਦੀਪ ਕੌਰ ਸਮੇਤ ਸਮੂਹ ਸਟਾਫ ਹਾਜ਼ਰ ਸੀ।

ਸ਼ਹੀਦ ਏ ਆਜ਼ਮ ਭਗਤ ਸਿੰਘ ਫੁੱਟਬਾਲ ਟੂਰਨਾਮੈਂਟ ਦੇ ਦੂਸਰੇ ਦਿਨ ਦੋਆਬਾ ਸਕੂਲ ਦੀ ਟੀਮ ਰਹੀ ਜੇਤੂ

ਗੜ੍ਹਸ਼ੰਕਰ(ਫੁਲਾ ਸਿੰਘ ਬੀਰਮਪੁਰ) ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਸਪੋਰਟਸ ਕਲੱਬ ਗੜ੍ਹਸ਼ੰਕਰ ਵਲੋਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਦੂਸਰੇ ਦਿਨ ਵਿੱਚ ਪ੍ਰਵੇਸ਼ ਹੋਇਆ। ਦੱਸਣਯੋਗ ਹੈ ਕਿ ਇਸ ਟੂਰਨਾਮੈਂਟ ਵਿੱਚ ਇਲਾਕੇ ਭਰ ਵਿੱਚੋਂ ਸਕੂਲ ਪੱਧਰ ਅਤੇ ਪਿੰਡ ਪੱਧਰੀ ਟੀਮਾਂ ਭਾਗ ਲੈ ਰਹੀਆਂ ਹਨ। ਦੂਸਰੇ ਦਿਨ ਦੇ ਟੂਰਨਾਮੈਂਟ ਮੌਕੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਦੇ ਭਾਣਜਾ ਸਰਦਾਰ ਜਗਮੋਹਣ ਸਿੰਘ ਵਿਸ਼ੇਸ ਤੌਰ 'ਤੇ ਹਾਜ਼ਰ ਹੋਏ।

ਪਿੰਡ ਪੱਧਰ ਤੇ ਸਕੂਲ ਪੱਧਰ ਦੇ ਮੈਚ ਕਰਵਾਏ ਗਏ। ਸਕੂਲ ਪੱਧਰ 'ਤੇ ਪਹਿਲਾ ਮੈਚ ਦੋਆਬਾ ਪਬਲਿਕ ਸਕੂਲ ਪਾਰੋਵਾਲ ਅਤੇ ਫਤਿਹਪੁਰ ਸਕੂਲ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਦੋਆਬਾ ਪਬਲਿਕ ਸਕੂਲ ਦੀ ਟੀਮ 0-3 ਨਾਲ ਜੇਤੂ ਰਹੀ। ਦੂਜਾ ਮੈਚ ਦੋਆਬਾ ਪਬਲਿਕ ਸਕੂਲ ਮਾਹਿਲਪੁਰ ਅਤੇ ਧਮਾਈ ਦੀ ਟੀਮ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਦੋਆਬਾ ਸਕੂਲ ਦੀ ਟੀਮ 1-0 ਨਾਲ ਜੇਤੂ ਰਹੀ। ਪਿੰਡ ਪੱਧਰ ਦੀਆਂ ਟੀਮਾਂ ਵਿਚਕਾਰ ਪਹਿਲਾ ਮੈਚ ਚੱਕ ਸਿੰਘਾ ਅਤੇ ਜਗਤਪੁਰ ਦੀ ਟੀਮ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਚੱਕ ਸਿੰਘਾ ਦੀ ਟੀਮ 2-1 ਨਾਲ ਜੇਤੂ ਰਹੀ ਅਤੇ ਦੂਜਾ ਮੈਚ ਡਾਨਸੀਵਾਲ ਅਤੇ ਚਾਹਲਪੁਰ ਦੀ ਟੀਮ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਡਾਨਸੀਵਾਲ ਦੀ ਟੀਮ 0-1 ਨਾਲ ਜੇਤੂ ਰਹੀ। ਅਗਲਾ ਮੈਚ ਪੋਸੀ ਅਤੇ ਪਨਾਮ ਦੀਆਂ ਟੀਮਾਂ ਵਿਚਾਲੇ ਖੇਡਿਆ ਗਿਆ ਜਿਸ ਵਿੱਚ ਪਨਾਮ ਦੀ ਟੀਮ ਜੇਤੂ ਰਹੀ। ਇਸੇ ਤਰ੍ਹਾਂ ਦੂਸਰੇ ਦਿਨ ਦਾ ਅਖੀਰਲਾ ਮੈਚ ਗੜ੍ਹਸ਼ੰਕਰ ਅਤੇ ਬੋੜਾ ਦੀਆ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਗੜ੍ਹਸ਼ੰਕਰ ਦੀ ਟੀਮ 2-1 ਨਾਲ ਜੇਤੂ ਰਹੀ। ਇਸ ਮੌਕੇ ਪ੍ਰਧਾਨ ਜਸਵੀਰ ਸਿੰਘ ਰਾਏ, ਝਲਮਣ ਸਿੰਘ ਬੈਂਸ ਯੂਕੇ, ਬਲਵੀਰ ਸਿੰਘ ਚੰਗਿਆੜਾ, ਸੁੱਚਾ ਸਿੰਘ ਮਾਨ, ਐਨ ਆਰ ਆਈ ਤੀਰਥ ਸਿੰਘ ਰੱਤੂ, ਡਾ. ਜੰਗ ਬਹਾਦਰ ਸਿੰਘ ਰਾਏ, ਗੁਰਦਿਆਲ ਸਿੰਘ ਭਨੋਟੇ, ਕਾਬਲ ਸਿੰਘ ਮਾਨ, ਡਿੰਪਲ, ਹਰੀ ਕ੍ਰਿਸ਼ਨ ਗੰਗੜ, ਬਲਵਿੰਦਰ ਰਾਣਾ, ਸੁਨੀਲ ਗੋਲਡੀ, ਰਾਜਵਿੰਦਰ ਬੈਸ, ਵਿਜੇ ਭੱਟੀ, ਹਰਪ੍ਰੀਤ ਵਾਲੀਆ, ਆਰ ਕੇ ਰਾਣਾ, ਸਤਨਾਮ ਸਿੰਘ ਪਾਰੋਵਾਲ, ਰਮਨ ਬੰਗਾ, ਸੂਬੇਦਾਰ ਕੇਵਲ ਸਿੰਘ ਭੱਜਲ, ਸੋਹਣ ਸਿੰਘ ਲਾਲੀ, ਕਰਮ ਚੰਦ, ਹਰਪ੍ਰੀਤ ਸਿੰਘ ਬੈਂਸ, ਕਮਲ ਬੈਸ, ਅਮਰਜੀਤ ਸਿੰਘ, ਪਰਮਜੀਤ ਪੰਮਾ ਸਾਬਕਾ ਐਮ ਸੀ, ਕਮਲਜੀਤ ਸਿੰਘ ਬੈਂਸ, ਸ਼ਲਿੰਦਰ ਰਾਣਾ ਅਤੇ ਹੋਰ ਹਾਜ਼ਰ ਸਨ। ਸਟੇਜ਼ ਸੰਚਾਲਨ ਦੀ ਭੂਮਿਕਾ ਅਮਰੀਕ ਹਮਰਾਜ਼ ਵਲੋਂ ਨਿਭਾਈ ਗਈ।

ਸੈਕਰਡ ਸੋਲਜ਼ ਕਾਨਵੈਂਟ ਸਕੂਲ ਕਾਲੇ ਵਿਖੇ ਦੋ ਰੋਜ਼ਾ ਸਾਲਾਨਾ ਖੇਡ ਸਮਾਰੋਹ ਸ਼ੁਰੂ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜ਼ਿਲ੍ਹਾ ਤਰਨਤਾਰਨ ਅਧੀਨ ਪੈਂਦੇ ਕਸਬਾ ਭਿੱਖੀਵਿੰਡ ਨਜ਼ਦੀਕ ਕਾਲੇ ਸੈਕਰਡ ਸੋਲਜ਼ ਕਾਨਵੈਂਟ ਸਕੂਲ ਵਿਖੇ ਦੋ ਰੋਜ਼ਾ ਸਾਲਾਨਾ ਖੇਡ ਸਮਾਰੋਹ ਸਕੂਲ ਦੇ ਚੇਅਰਮੈਨ ਕੰਧਾਲ ਸਿੰਘ ਬਾਠ ਦੀ ਅਗਵਾਈ ਵਿੱਚ ਕਰਵਾਇਆ ਗਿਆ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਸਕੂਲ ਚੇਅਰਮੈਨ ਕੰਧਾਲ ਸਿੰਘ ਬਾਠ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਬ ਡਵੀਜ਼ਨ ਭਿੱਖੀਵਿੰਡ ਦੇ ਉੱਪ ਪੁਲਿਸ ਕਪਤਾਨ ਪ੍ਰੀਤ ਇੰਦਰ ਸਿੰਘ ਅਤੇ ਸਕੂਲ ਦੇ ਐੱਮ. ਡੀ. ਸਾਹਿਬ ਸਿੰਘ ਸੰਧੂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸਕੂਲ ਚੇਅਰਮੈਨ ਕੰਧਾਲ ਸਿੰਘ ਬਾਠ ਅਤੇ ਪ੍ਰਿੰ. ਲਖਬੀਰ ਕੌਰ ਵੱਲੋਂ ਮੁੱਖ ਮਹਿਮਾਨਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਉਪਰੰਤ ਵਿਦਿਆਰਥੀਆਂ ਵੱਲੋਂ ਐੱਨ. ਸੀ. ਸੀ. ਪਰੇਡ ਮਾਰਚ ਪਾਸ ਅਤੇ ਖੇਡਾ ਪ੍ਰਤੀ ਸਦਭਾਵਨਾ ਦੀ ਸਹੁੰ ਚੁੱਕਣ ਤੋਂ ਬਾਅਦ ਡੀ. ਐਸ. ਪੀ. ਭਿੱਖੀਵਿੰਡ ਪ੍ਰੀਤ ਇੰਦਰ ਸਿੰਘ, ਸਕੂਲ ਐਮ. ਡੀ. ਸਾਹਿਬ ਸਿੰਘ ਸੰਧੂ ਸੈਦੋ ਅਤੇ ਸਕੂਲ ਚੇਅਰਮੈਨ ਕੰਧਾਲ ਸਿੰਘ ਬਾਠ ਵੱਲੋਂ ਝੰਡਾ ਲਹਿਰਾ ਕੇ ਖੇਡ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ। ਖੇਡਾਂ ਦੇ ਪਹਿਲੇ ਦਿਨ ਖੇਡਾਂ ਆਰੰਭ ਹੋਣ ਤੋਂ ਪਹਿਲਾਂ ਛੋਟੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿੱਚ ਰੇਸ, ਮਿਊਜ਼ੀਕਲ ਚੇਅਰ ਰੇਸ, ਬੋਰੀ ਰੇਸ ਅਤੇ ਵੱਡੇ ਵਿਦਿਆਰਥੀਆਂ ਦੀਆਂ 100 ਮੀਟਰ, 800 ਮੀਟਰ ਦੌੜਾਂ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਖੇਡਾਂ ਦੇ ਨਾਲ-ਨਾਲ ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਖੇਡਾਂ ਦੇ ਅਖੀਰ ਵਿੱਚ ਮੁੱਖ ਮਹਿਮਾਨ ਪ੍ਰੀਤ ਇੰਦਰ ਸਿੰਘ, ਸਕੂਲ ਐਮ. ਡੀ ਸਾਹਿਬ ਸਿੰਘ ਸੰਧੂ ਅਤੇ ਸਕੂਲ ਚੇਅਰਮੈਨ ਕੰਧਾਲ ਸਿੰਘ ਬਾਠ ਵੱਲੋਂ ਬੱਚਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਜਿਸ ਵਿੱਚ ਪ੍ਰਾਇਮਰੀ ਵਿੰਗ ਦੇ ਵਿਦਿਆਰਥੀ (ਮਿਊਜ਼ੀਕਲ ਚੇਅਰ ਅਵਨੀਤ ਕੌਰ, ਸਿਮਰਜੀਤ ਸਿੰਘ, ਰੇਸ ਵਿੱਚੋਂ ਮਨਕੀਰਤ ਸਿੰਘ, ਹਰਲੀਨ ਕੌਰ, ਗੁਰਲੀਨ ਕੌਰ, ਸ਼ੁਭਰੀਤ ਕੌਰ, ਸੁਖਮਨਪ੍ਰੀਤ ਸਿੰਘ, ਮਾਨਵੀ ਸ਼ਰਮਾ, ਆਰਾਮਜੀਤ ਸਿੰਘ, ਅਮਾਇਰਾ, ਗੁਰ ਫਤਿਹ, ਸੁਖਜੀਤ ਸਿੰਘ, ਹਨੀ ਕਬੀਰ, ਯਸ਼ ਸ਼ਰਮਾ ਨੇ ਇਨਾਮ ਹਾਸਲ ਕੀਤੇ। ਇਸ ਤੋਂ ਇਲਾਵਾ ਡੀਐੱਸਪੀ ਪ੍ਰੀਤ ਇੰਦਰ ਸਿੰਘ ਵੱਲੋਂ ਵਿਦਿਆਰਥੀ ਨਵਜੋਤ ਕੌਰ, ਹਰਮਨਪ੍ਰੀਤ ਸਿੰਘ

27-NOV-PAGE-7.qxd 11/26/2022 10:32 PM Page 1

ਗਵਰਨਰ ਰੋਟੇਰੀਅਨ ਦੁਸ਼ਯੰਤ ਚੌਧਰੀ ਦਾ ਰੋਟਰੀ ਕਲੱਬ ਦਾ ਆਫੀਸ਼ੀਅਲ ਦੌਰਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)

ਰੋਟੇਰੀਅਨ ਦਵਿੰਦਰ ਕੁਮਾਰ ਨੇ ਪ੍ਰੈਸ ਦੇ ਨਾਂ ਇੱਕ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਰੋਟਰੀ ਕਲੱਬ 3070 ਦੇ ਗਵਰਨਰ ਰੋਟੇਰੀਅਨ ਦੁਸ਼ਯੰਤ ਚੌਧਰੀ ਨੇ ਹੋਟਲ ਫਾਈਨ ਡਾਈਨ ਹੁਸ਼ਿਆਰਪੁਰ ਵਿਖੇ ਰੋਟਰੀ ਕਲੱਬ ਹੁਸ਼ਿਆਰਪੁਰ ਸੈਂਟਰਲ ਦਾ ਆਫੀਸ਼ੀਅਲ ਵਿਜ਼ਟ ਕੀਤਾ। ਜ਼ਿਲ੍ਹਾ ਗਵਰਨਰ ਦੇ ਪਹੁੰਚਣ 'ਤੇ ਫੁੱਲਾਂ ਦੀ ਮਾਲਾ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਕਲੱਬ ਦੇ ਸਕੱਤਰ ਜਰਨੈਲ ਸਿੰਘ ਧੀਰ ਨੇ ਕਲੱਬ ਵਲੋਂ ਲੋਕ ਭਲਾਈ ਲਈ ਲਗਾਏ ਗਏ ਪ੍ਰਾਜੈਕਟਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਕਲੱਬ ਪ੍ਰਧਾਨ ਰੋਟੇਰੀਅਨ ਭੁਪਿੰਦਰ ਕੁਮਾਰ ਨੇ ਕਲੱਬ ਵਲੋਂ ਅਗਲੇ ਸਾਲ 2023 ਵਿੱਚ ਕੀਤੇ ਜਾਣ ਵਾਲੇ ਲੋਕ ਭਲਾਈ ਪ੍ਰਾਜੈਕਟਾਂ ਬਾਰੇ ਜਾਣਕਾਰੀ ਦਿੱਤੀ। ਡਿਸਟ੍ਰਿਕਟ ਗਵਰਨਰ ਨੇ ਕਲੱਬ ਵਲੋਂ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਅੱਗੇ ਤੋਂ ਹੋਰ ਵੀ ਜ਼ਿਆਦਾ ਲੋਕ ਭਲਾਈ ਦੇ ਕੰਮ ਕਰਨ ਲਈ ਪ੍ਰੇਰਿਤ ਕੀਤਾ। ਗਵਰਨਰ ਨੇ ਕਲੱਬ ਦੇ ਮੈਂਬਰਾਂ ਵੱਲੋਂ ਕੀਤੀਆਂ ਗਈਆਂ ਮੀਟਿੰਗਾਂ ਅਤੇ ਹੋਰ ਰਿਕਾਰਡ ਦੀ ਜਾਂਚ ਕੀਤੀ। ਉਨ੍ਹਾਂ ਵੱਲੋਂ ਰੋਟਰੀ ਫਾਊਂਡੇਸ਼ਨ ਆਫ ਇੰਡੀਆ ਵਿੱਚ ਯੋਗਦਾਨ ਪਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ ਤਾਂ ਜੋ ਸੰਸਾਰ ਵਿੱਚ ਔਕੜਾਂ ਭਰਿਆ ਜੀਵਨ ਬਤੀਤ ਕਰ ਰਹੀ ਮਨੁੱਖਤਾ ਦੀ ਜ਼ਿੰਦਗੀ ਨੂੰ ਖੁਸ਼ਨੁਮਾ ਬਣਾਇਆ ਜਾ ਸਕੇ। ਇਸ ਮੌਕੇ ਰੋਟਰੀ ਕਲੱਬ ਫਗਵਾੜਾ ਤੋਂ ਰੋਟੇਰੀਅਨ ਜਤਿੰਦਰ ਕੁਮਾਰ ਸਹਾਇਕ ਗਵਰਨਰ, ਰਾਜਨ ਸੈਣੀ ਸਹਾਇਕ ਗਵਰਨਰ, ਪ੍ਰਧਾਨ ਭੁਪਿੰਦਰ ਕੁਮਾਰ, ਜ਼ਿਲ੍ਹਾ ਸਕੱਤਰ ਹਰਸ਼ਵਿੰਦਰ ਸਿੰਘ, ਰਵਿੰਦਰ ਕੁਮਾਰ, ਗੌਰਵ ਭੱਲਾ, ਵਿਸ਼ਾਲ ਠਾਕੁਰ, ਮੋਹਿਤ ਸੈਣੀ, ਵਿਜੇ ਕੁਮਾਰ, ਸੰਦੀਪ ਸਹਿਗਲ, ਸੰਜੇ ਸ਼ਰਮਾ, ਨਰੇਸ਼ ਕੁਮਾਰ ਗਾਬਾ ਅਤੇ ਲਾਡੀ ਆਦਿ ਹਾਜ਼ਰ ਸਨ।

ਵਿਦਿਆਰਥੀਆਂ ਨੂੰ ਵੋਟਾਂ ਸੰਬੰਧੀ ਜਾਗਰੂਕ ਕਰਨ ਲਈ ਕਰਵਾਈਆਂ ਗਤੀਵਿਧੀਆਂ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-ਉਪ ਮੰਡਲ ਮੈਜਿਸਟ੍ਰੇਟ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਵੋਟਾਂ ਸੰਬੰਧੀ ਜਾਗਰੂਕ ਕਰਨ ਲਈ ਪ੍ਰਿੰਸੀਪਲ ਲੋਕੇਸ਼ ਮੋਹਨ ਸ਼ਰਮਾ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲ) ਨੂਰਪੁਰ ਬੇਦੀ ਵਿਖੇ ਸਵੀਪ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਾਈਸ ਪ੍ਰਿੰਸੀਪਲ ਮੈਡਮ ਸੋਨੀਆ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਵੋਟਾਂ ਸੰਬੰਧੀ ਜਾਗਰੂਕ ਕਰਨ ਲਈ ਸਵੀਪ ਨੋਡਲ ਅਫਸਰ ਲੈਕਚਰਾਰ ਦਰਸਨ ਸਿੰਘ ਵਲੋਂ ਵੋਟਾਂ ਨਾਲ ਸਬੰਧਤ ਭਾਸਣ,ਚਾਰਟ ਮੇਕਿੰਗ ਅਤੇ ਰੰਗੋਲੀ ਆਦਿ ਦੇ ਮੁਕਾਬਲੇ ਕਰਵਾਏ ਗਏ। ਲੈਕਚਰਾਰ ਅਨਿਲ ਕੁਮਾਰ ਅਤੇ ਡੀਪੀਈ ਰਣਜੀਤ ਸਿੰਘ ਭੱਠਲ ਵਲੋਂ ਵਿਦਿਆਰਥੀਆਂ ਨੂੰ ਵੋਟ ਬਣਾਉਣ,ਪਾਉਣ ਤੇ ਇਸ ਦੀ ਸਹੀ ਵਰਤੋਂ ਕਰਨ ਦੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਦੀਆਂ ਹਦਾਇਤਾਂ ਅਨੁਸਾਰ 1ਜਨਵਰੀ 2023,1 ਅਪ੍ਰੈਲ 2023,1ਜੁਲਾਈ 2023 ਅਤੇ 1ਅਕਤੂਬਰ 2023 ਤੱਕ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਸਾਰੇ ਵਿਦਿਆਰਥੀਆਂ ਦੀ ਵੋਟ ਬਣਾਉਣੀ ਲਾਜਮੀ ਹੈ। ਵੱਖ ਵੱਖ ਮੁਕਾਬਲਿਆਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਇਸ ਮੌਕੇ ਵਾਈਸ ਪ੍ਰਿੰਸੀਪਲ ਮੈਡਮ ਸੋਨੀਆ, ਰਣਜੀਤ ਸਿੰਘ ਭੱਠਲ, ਲੈਕਚਰਾਰ ਅਨਿਲ ਕੁਮਾਰ, ਜਤਿੰਦਰਪਾਲ ਸਿੰਘ ਕਾਹਲੋ ,ਮੈਡਮ ਗੁਰਪਾਲ ਕੋਰ , ਨਵਨੀਤ ਗਿੱਲ ਅਤੇ ਨੀਰਜ ਬਾਲਾ ਸਮੇਤ ਵਿਦਿਆਰਥੀ ਹਾਜਰ ਸਨ।

ਪੰਜਾਬ ਤੇ ਦਿੱਲੀ ਦੀ ਤਰਜ਼ 'ਤੇ ਗੁਜਰਾਤ ਦੇ ਹਰ ਖੇਤਰ 'ਚ ਕੀਤਾ ਜਾਵੇਗਾ ਵਿਕਾਸ : ਕੁਲਵੰਤ ਸਿੰਘ

ਮੁਹਾਲੀ (ਗੁਰਜੀਤ ਬਿੱਲਾ)

ਅਗਲੇ ਮਹੀਨੇ ਗੁਜਰਾਤ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਪ੍ਰਚਾਰ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ । ਭਾਜਪਾ ਦੇ ਗੜ੍ਹ ਮੰਨੇ ਜਾਂਦੇ ਗੁਜਰਾਤ ਵਿੱਚ ਆਮ ਆਦਮੀ ਪਾਰਟੀ ਨੇ ਆਪਣੀ ਪੂਰੀ ਤਾਕਤ ਝੋਕ ਦਿੱਤੀ ਹੈ। ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਚੋਣ ਪ੍ਰਚਾਰ ਰੈਲੀਆਂ ਵਿੱਚ ਵੀ ਗੁਜਰਾਤ ਦੇ ਲੋਕ ਦਾ ਇਕੱਠ ਦੇਖਣ ਨੂੰ ਮਿਲ ਰਿਹਾ ਹੈ । ਇਸੇ ਤਹਿਤ ਪੰਜਾਬ ਦੇ ਹਲਕਾ ਮੁਹਾਲੀ ਤੋਂ 'ਆਪ' ਵਿਧਾਇਕ ਕੁਲਵੰਤ ਸਿੰਘ ਗੁਜਰਾਤ ਚੋਣਾਂ ਲਈ ਪਾਰਟੀ ਦੇ ਹੱਕ ਵਿੱਚ ਵਡੋਦਰਾ ਦੇ ਵੱਖ-ਵੱਖ ਪਿੰਡਾਂ ਵਿੱਚ ਆਪਣੀ ਟੀਮ ਨਾਲ ਚੋਣ ਪ੍ਰਚਾਰ ਕਰ ਰਹੇ ਹਨ . ਪਿੰਡ ਦੇ ਲੋਕਾਂ ਨੂੰ ਅਰਵਿੰਦ ਕੇਜਰੀਵਾਲ ਵਲੋਂ ਦਿੱਤੀਆਂ ਗਰੰਟੀਆਂ ਬਾਰੇ ਵਿਸਥਾਰ ਨਾਲ ਜਾਣੂ ਕਰਵਾ ਰਹੇ ਹਨ । ਵਿਧਾਇਕ ਕੁਲਵੰਤ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਪਿੰਡ ਮੰਜੂਸਰ, ਲਾਸੂੰਦਰਾ, ਜਬਲਾ, ਤਾਰੀਆਪੁਰਾ, ਬਾਤਪੁਰਾ ਅਤੇ ਪਿੰਡ ਨਮੀਸਰਾ, ਹਲਕਾ ਸਾਵਲੀ, ਵਡੋਦਰਾ ਵਿਖੇ ਪਹੁੰਚ ਕੇ 'ਆਪ' ਦੇ ਪੱਖ ਵਿੱਚ ਚੋਣ ਪ੍ਰਚਾਰ ਕੀਤਾ । ਲੋਕਾਂ ਨੂੰ 'ਆਪ' ਦੇ ਪੱਖ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ । ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਗੁਜਰਾਤ ਵਿੱਚ ਪੰਜਾਬ ਅਤੇ ਦਿੱਲੀ ਦੀ ਤਰਜ਼ 'ਤੇ ਹਰ ਖੇਤਰ ਵਿਚ ਵਿਕਾਸ ਕੀਤਾ ਜਾਵੇਗਾ । ਗੁਜਰਾਤ ਵਿਚ 'ਆਪ' ਦੀ ਸਰਕਾਰ ਬਣਨ 'ਤੇ ਲੋਕਾਂ ਦੀਆਂ ਮੁਢਲੀਆਂ ਸਹੂਲਤਾਂ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਵੇਗਾ । ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਤੋਂ ਬਹੁਤ ਖੁਸ਼ ਹਨ ਅਤੇ ਗੁਜਰਾਤ 'ਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਬਣੇਗੀ। ਉਨ੍ਹਾਂ ਕਿਹਾ ਕਿ ਗੁਜਰਾਤ ਦੀ ਜਨਤਾ ਭਾਜਪਾ ਦੀਆਂ ਦੇਸ਼ ਪ੍ਰਤੀ ਵੰਡ ਪਾਊ ਨੀਤੀਆਂ ਤੋਂ ਤੰਗ ਆ ਚੁੱਕੀ ਹੈ । ਗੁਜਰਾਤ ਦੀ ਜਨਤਾ ਚੋਣਾਂ ਦੌਰਾਨ ਭਾਜਪਾ ਨੂੰ ਬਹੁਤ ਵੱਡਾ ਝਟਕਾ ਦੇਣ ਨੂੰ ਤਿਆਰ ਹੈ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਗੁਜਰਾਤ ਦੇ ਲੋਕਾਂ ਨੂੰ ਪੰਜਾਬ ਅਤੇ ਦਿੱਲੀ ਦੀ ਤਰਜ਼ 'ਤੇ ਆਮ ਆਦਮੀ ਮੁਹੱਲਾ ਕਲੀਨਿਕ, ਬਿਜਲੀ ਦੇ ਜ਼ੀਰੋ ਬਿੱਲ, ਸਕੂਲਾਂ 'ਚ ਸਿੱਖਿਆ, ਹਸਪਤਾਲ, ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ । ਭ੍ਰਿਸ਼ਟਾਚਾਰ 'ਤੇ ਪੂਰਨ ਤੌਰ ਲਗਾਮ ਲਗਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਅਤੇ ਦਿੱਲੀ ਦੇ ਵੋਟਰਾਂ ਨੇ ਆਮ ਆਦਮੀ ਪਾਰਟੀ ਵਿਚ ਭਰੋਸਾ ਜਤਾਇਆ ਹੈ, ਉਸੇ ਤਰ੍ਹਾਂ ਗੁਜਰਾਤ ਦੇ ਲੋਕ ਵੀ ਪਾਰਟੀ 'ਚ ਭਰੋਸਾ ਪ੍ਰਗਟਾ ਰਹੇ ਹਨ।

ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਉੱਚ ਅਧਿਕਾਰੀਆਂ ਨੂੰ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ

- ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ : ਪ੍ਰਕਾਸ਼ ਕੌਰ

ਮਮਦੋਟ (ਜਸਬੀਰ ਸਿੰਘ ਕੰਬੋਜ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਬਲਾਕ ਮਮਦੋਟ ਵੱਲੋਂ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਾਇਬ ਤਹਿਸੀਲਦਾਰ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਾਮ ਮੰਗ ਪੱਤਰ ਦਿੱਤਾ ਗਿਆ, ਜੋ ਕਿ ਉਨ੍ਹਾਂ ਦੇ ਆਰ ਸੀ ਨੇ ਰਸੀਵ ਕੀਤਾ। ਇਸ ਮੌਕੇ ਬਲਾਕ ਪ੍ਰਧਾਨ ਪ੍ਰਕਾਸ਼ ਕੌਰ ਨੇ ਕਿਹਾ ਕਿ ਆਂਗਣਵਾੜੀ ਸੈਂਟਰਾਂ ਦੇ 3 ਸਾਲ ਤੋਂ 6 ਸਾਲ ਤੱਕ ਦੇ ਬੱਚੇ, ਜੋ ਸਰਕਾਰ ਨੇ 2017 ਵਿੱਚ ਖੋਹ ਕੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਭੇਜ ਦਿੱਤੇ ਸਨ, ਨੂੰ ਵਾਪਸ ਸੈਂਟਰਾਂ ਵਿੱਚ ਭੇਜਿਆ ਜਾਵੇ ਤੇ ਆਂਗਣਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ। ਜਦੋਂ ਤੱਕ ਇਹ ਲਾਗੂ ਨਹੀਂ ਹੁੰਦਾ, ਉਦੋਂ ਤੱਕ ਕੀਤੇ ਗਏ ਵਾਅਦੇ ਅਨੁਸਾਰ ਵਰਕਰਾਂ ਤੇ ਹੈਲਪਰਾਂ ਦਾ ਮਾਣ ਭੱਤਾ ਦੁੱਗਣਾ ਕੀਤਾ ਜਾਵੇ। ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇਂ 4 ਸਾਲਾਂ ਤੋਂ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਦੀ ਭਰਤੀ ਤੁਰੰਤ ਕੀਤੀ ਜਾਵੇ। ਭਰਤੀ ਦੇ ਨਿਯਮਾਂ ਵਿੱਚ ਪਿਛਲੀ ਸਰਕਾਰ ਵੱਲੋਂ ਕੁੱਝ ਤਰੁੱਟੀਆਂ ਕੀਤੀਆਂ ਗਈਆਂ ਸਨ, ਜਿਨ੍ਹਾਂ ਨੂੰ ਅਸੀਂ ਠੀਕ ਕਰਨ ਦੀ ਮੰਗ ਕਰਦੀਆਂ ਹਾਂ, ਜੋ ਕਿ ਮਹਿਕਮੇ ਨੇ ਠੀਕ ਕਰਨਾ ਮੰਨ ਲਿਆ ਹੈ, ਪਰ ਲਾਗੂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਤਰੁੱਟੀਆਂ ਨੂੰ ਦੂਰ ਕਰਕੇ ਨਵੀਂ ਭਰਤੀ ਨਿਯਮਾਂ ਵਿੱਚ ਸੋਧਾਂ ਕੀਤੀਆਂ ਜਾਣ। ਐੱਨ ਜੀ ਓ ਅਧੀਨ ਕੰਮ ਕਰਦੀਆਂ ਵਰਕਰਾਂ ਤੇ ਹੈਲਪਰਾਂ ਨੂੰ ਮੁੱਖ ਵਿਭਾਗ ਅਧੀਨ ਲਿਆਂਦਾ ਜਾਵੇ। ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ, ਉਤਸ਼ਾਹ ਵਰਧਕ ਰਾਸ਼ੀ ਕ੍ਰਮਵਾਰ ਵਰਕਰ ਤੇ ਹੈਲਪਰ ਨੂੰ 500 ਰੁਪਏ ਤੇ 250 ਰੁਪਏ ਦਿੱਤੇ ਜਾਣ। ਮਹੀਨੇ ਵਿੱਚ ਪੋਸ਼ਣ ਅਭਿਆਨ ਦੇ ਤਹਿਤ ਦੋ ਪ੍ਰੋਗਰਾਮ ਕੀਤੇ ਜਾਂਦੇ ਹਨ ਆਦਿ। ਇਸ ਮੌਕੇ ਪੁਸ਼ਪਿੰਦਰ ਕੌਰ ਮੀਤ ਪ੍ਰਧਾਨ, ਪ੍ਰੇਮ ਕੌਰ ਵਿੱਤ ਸਕੱਤਰ, ਮਹਿੰਦਰ ਕੌਰ ਸਲਾਹਕਾਰ, ਪਰਮਜੀਤ ਕੌਰ, ਰਾਜਿੰਦਰ ਕੌਰ, ਅੱਛਰਾਂ, ਨਰਿੰਦਰ ਕੌਰ ਨੀਰਜ਼ਾ, ਪਵਨਦੀਪ ਕੌਰ, ਪ੍ਰਵੀਨ ਕੌਰ, ਸੋਨੀਆ, ਰਾਜਵੰਤ ਕੌਰ, ਦੀਪੋ ਸੁਨੀਤਾ, ਸੁਖਦੀਪ ਕੌਰ ਤੇ ਰਾਜ ਕੌਰ ਸਾਡੇ ਸਮੇਤ ਵੱਡੀ ਗਿਣਤੀ 'ਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਮੌਜੂਦ ਸਨ।

ਕਾਤਰਾਂ

ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀਆਂ ਖੇਡਾਂ 'ਚ ਏਕਮਜੋਤ ਸਭ ਤੋਂ ਤੇਜ਼ ਦੌੜਾਕ ਬਣੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀਆਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਰਣਜੀਤਗੜ੍ਹ ਦੀ ਵਿਦਿਆਰਥਣ ਏਕਮਜੋਤ ਕੌਰ ਪੁੱਤਰੀ ਸੁਖਦੀਪ ਸਿੰਘ ਨੇ 100 ਮੀਟਰ ਦੌੜ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਭ ਤੋਂ ਤੇਜ਼ ਦੌੜਾਕ ਬਣੀ। ਇਸ ਮੌਕੇ 'ਤੇ ਸਕੂਲ ਮੁਖੀ ਮੀਨਾ ਗਲਹੋਤਰਾ ਅਤੇ ਸਮੂਹ ਸਟਾਫ ਨੇ ਬੱਚੇ ਦੀ ਹੌਸਲਾ ਅਫਜ਼ਾਈ ਕੀਤੀ ਤੇ ਭਵਿੱਖ 'ਚ ਇਸੇ ਤਰ੍ਹਾਂ ਤਰੱਕੀਆਂ ਕਰਨ ਦੀ ਕਾਮਨਾ ਕੀਤੀ।

2 ਕਾਰਾਂ ਹਾਦਸਾਗ੍ਰਸਤ ਹੋਣ ਕਾਰਨ 3 ਜ਼ਖ਼ਮੀ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)-ਜਲੰਧਰ-ਪਠਾਨਕੋਟ ਰਾਸ਼ਟਰੀ ਮਾਰਗ 'ਤੇ ਪਿੰਡ ਕੁਰਾਲਾ ਨਜਦੀਕ ਸਵੇਰੇ ਦੋ ਕਾਰਾਂ ਦੀ ਹੋਈ ਟੱਕਰ ਦੌਰਾਨ 3 ਵਿਅਕਤੀਆਂ ਦੇ ਜਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਸਵੇਰੇ 10.30 ਵਜੇ ਉਸ ਸਮੇਂ ਵਾਪਰਿਆ ਜਦੋਂ ਦੋਨੋਂ ਹੀ ਕਾਰ ਸਵਾਰ ਪਠਾਨਕੋਟ ਵੱਲ ਜਾ ਰਹੇ ਸਨ ਕਿ ਅਚਾਨਕ ਹੀ ਕਾਰਾਂ ਬੇਕਾਬੂ ਹੋ ਕੇ ਇੱਕ-ਦੂਸਰੇ ਵਿਚ ਨਾਲ ਟਕਰਾਅ ਗਈਆਂ। ਇਸ ਹਾਦਸੇ ਦੌਰਾਨ ਜਸਵੀਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਲੁਧਿਆਣਾ ਅਤੇ ਦੂਸਰੀ ਕਾਰ ਵਿੱਚ ਸਵਾਰ ਗੰਭੀਰ ਜਖਮੀ ਹੋਏ ਸੁਰਿੰਦਰ ਸਿੰਘ ਤੇ ਉਸ ਦੀ ਪਤਨੀ ਕੁਲਦੀਪ ਕੌਰ ਨੂੰ ਨਿਸ਼ਕਾਮ ਸੇਵਾ ਸੁਸਾਇਟੀ ਖੁੱਡਾ ਐਂਬੂਲੈਂਸ ਰਾਹੀਂ ਸਰਕਾਰੀ ਹਸਪਤਾਲ ਦਸੂਹਾ ਪਹੁੰਚਾਇਆ ਗਿਆ। ਇਸ ਸੜਕ ਹਾਦਸੇ ਦੀ ਖਬਰ ਮਿਲਦਿਆਂ ਟਾਂਡਾ ਪੁਲਿਸ ਨੇ ਪਹੁੰਚ ਕੇ ਹਾਦਸਾਗ੍ਰਸਤ ਨੂੰ ਕਬਜੇ ਵਿਚ ਲੈ ਲਿਆ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਮਨਾਇਆ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ)-ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਪੁਰਬ ਮਨਾਇਆ ਗਿਆ। ਜਿਸ ਵਿਚ ਸਭ ਤੋਂ ਪਹਿਲਾਂ ਬੱਚਿਆਂ ਤੇ ਅਧਿਆਪਕਾਂ ਵੱਲੋਂ ਮੂਲ ਮੰਤਰ ਦਾ ਜਾਪ ਕੀਤਾ ਗਿਆ ਉਪਰੰਤ ਸਬਦ ਗਾਇਨ ਕਰਕੇ ਪਰਮਾਤਮਾ ਦੀ ਸਿਫਤ ਸਾਲਾਹ ਦੇ ਗੁਣ ਗਾਨ ਕੀਤੇ ਗਏ। ਇਸ ਮੌਕੇ ਤੇ ਬੱਚਿਆਂ ਕਵਿਤਾ, ਸਾਖੀ ਸੁਣਾਉਣ ਅਤੇ ਕੁਇਜ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ। ਮੈਡਮ ਦਵਿੰਦਰ ਕੌਰ ਵੱਲੋਂ ਇਕ ਭਾਸ਼ਣ ਰਾਹੀਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸੰਪੂਰਨ ਜੀਵਨ ਅਤੇ ਸ਼ਹੀਦੀ ਬਾਰੇ ਚਾਨਣਾ ਪਾਇਆ। ਇਸ ਮੌਕੇ ਕਾਲਜ ਦੇ ਚੈਅਰਮੈਨ ਸੁਖਜਿੰਦਰ ਸਿੰਘ ਵੱਲੋਂ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਜੀ ਦੀ ਬਾਣੀ ਦੀਆਂ ਸਿੱਖਿਆਵਾਂ ਉੱਪਰ ਚੱਲਣ ਦੀ ਪ੍ਰੇਰਨਾ ਦਿੱਤੀ। ਅੰਤ ਵਿਚ ਮੈਡਮ ਗੁਰਪ੍ਰੀਤ ਕੌਰ ਵੱਲੋਂ ਵਾਹਿਗੁਰੂ ਸਿਮਰਨ ਕਰਵਾਇਆ ਗਿਆ।

ਡਰਾਈ ਡੇ ਦੇ ਸੰਬੰਧ 'ਚ ਚੈਕਿੰਗ ਕਰਦੇ ਹੋਏ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕੀਤਾ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਸਿਵਲ ਸਰਜਨ ਹੁਸ਼ਿਆਰਪੁਰ ਡਾ.ਪ੍ਰੀਤ ਮਹਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਐਸ.ਐਮ.ਓ ਸਰਕਾਰੀ ਹਸਪਤਾਲ ਟਾਂਡਾ ਡਾ.ਕਰਨ ਸੈਣੀ ਦੀ ਅਗਵਾਈ ਵਿਚ ਸਿਹਤ ਵਿਭਾਗ ਦੀ ਟੀਮ ਵੱਲੋਂ ਡਰਾਈ ਡੇ ਦੇ ਸਬੰਧ ਵਿੱਚ ਵੱਖ-ਵੱਖ ਘਰਾਂ ਵਿੱਚ ਜਾ ਕੇ ਚੈਕਿੰਗ ਕੀਤੀ ਗਈ ਅਤੇ ਲੋਕਾਂ ਨੂ

27-NOV-PAGE-8.qxd 11/26/2022 10:26 PM Page 1

ਅੰਨ੍ਹੇ ਕਤਲ ਦੀ ਗੁੱਥੀ ਸੁਲਝੀ, ਪ੍ਰੇਮੀ ਨਾਲ ਮਿਲ ਕੇ ਕੀਤਾ ਸੀ ਪਤੀ ਦਾ ਕਤਲ

ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀ।

ਸੰਗਰੂਰ (ਪ੍ਰਵੀਨ ਸਿੰਘ)-ਐੱਸ ਐੱਸ ਪੀ ਸੁਰੇਂਦਰ ਲਾਂਬਾ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੱਜੀ ਕੌਰ ਉਰਫ ਜਸਵੀਰ ਕੌਰ ਪਤਨੀ ਅਮਰੀਕ ਸਿੰਘ ਉਰਫ ਰੌਸ਼ਨੀ ਉਰਫ ਕਾਲਾ ਪੁੱਤਰ ਮਹਿੰਦਰ ਸਿੰਘ ਵਾਸੀ ਬਖਸ਼ੀਵਾਲਾ ਵੱਲੋਂ ਆਪਣੇ ਪਤੀ ਅਮਰੀਕ ਸਿੰਘ ਦੀ ਗੁੰਮਸ਼ੁਦਗੀ ਸਬੰਧੀ ਥਾਣਾ ਚੀਮਾ ਵਿਖੇ ਦਰਖਾਸਤ ਦਿੱਤੀ ਸੀ। 20 ਤੋਂ 25 ਨਵੰਬਰ ਤੱਕ ਪੁਲਸ ਵੱਲੋਂ ਕਾਨੂੰਨ ਮੁਤਾਬਿਕ ਕਾਰਵਾਈ ਅਮਲ ਵਿੱਚ ਲਿਆਉਂਦੇ ਹੋਏ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਗਈ।

25 ਨਵੰਬਰ 2022 ਨੂੰ ਇੰਸਪੈਕਟਰ ਯਾਦਵਿੰਦਰ ਸਿੰਘ ਮੁੱਖ ਅਫਸਰ ਥਾਣਾ ਚੀਮਾਂ ਪਾਸ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਰਜੀ ਕੌਰ ਉਕਤ ਵੱਲੋਂ ਜੋ ਦਰਖਾਸਤ ਉਸ ਦੇ ਪਤੀ ਅਮਰੀਕ ਸਿੰਘ ਉਰਫ ਰੌਸ਼ਨੀ ਉਰਫ ਕਾਲਾ ਦੀ ਗੁੰਮਸ਼ੁਦਗੀ ਸਬੰਧੀ ਦਿੱਤੀ ਸੀ, ਉਹ ਝੂਠੀ ਹੈ। ਅਸਲੀਅਤ ਵਿੱਚ ਮੁਲਜ਼ਮ ਰੱਜੀ ਕੌਰ ਉਰਫ ਜਸਵੀਰ ਕੌਰ ਨੇ 27-10-2022 ਦੀ ਰਾਤ ਨੂੰ ਆਪਣੇ ਪ੍ਰੇਮੀ ਸੁਰਜੀਤ ਸਿੰਘ ਉਰਫ ਬੱਗਾ ਪੁੱਤਰ ਨਛੱਤਰ ਸਿੰਘ ਉਰਫ ਭੱਪਾ ਵਾਸੀ ਬਖਸ਼ੀਵਾਲਾ ਨਾਲ ਸਾਜ਼ਿਸ਼ ਰਚ ਕੇ ਆਪਣੇ ਪਤੀ ਅਮਰੀਕ ਸਿੰਘ ਦਾ ਕਤਲ ਕਰਕੇ ਉਸ ਦੀ ਲਾਸ਼ ਨੂੰ ਖੁਰਦ ਬੁਰਦ ਕਰ ਦਿੱਤਾ ਹੈ।

ਤਫਤੀਸ਼ ਦੌਰਾਨ 26 ਨਵੰਬਰ ਨੂੰ ਮੁਲਜ਼ਮ ਰੱਜੀ ਕੌਰ ਉਰਫ ਜਸਵੀਰ ਕੌਰ ਤੇ ਸੁਰਜੀਤ ਸਿੰਘ ਉਰਫ ਬੱਗਾ ਨੇ ਮੰਨਿਆ ਕਿ 27 ਅਕਤੂਬਰ 2022 ਦੀ ਸ਼ਾਮ ਨੂੰ ਇਨ੍ਹਾਂ ਨੇ ਮਿਲ ਕੇ ਕਿਸੇ ਨਾਮਲੂਮ ਵਿਅਕਤੀ ਤੋਂ ਨੀਂਦ ਦੀਆਂ ਗੋਲੀਆਂ ਮੰਗਵਾ ਕੇ ਅਮਰੀਕ ਸਿੰਘ ਉਰਫ ਰੌਸ਼ਨੀ ਨੂੰ ਬੇਹੋਸ਼ ਕਰਨ ਲਈ ਮੁਰਗੇ ਦੇ ਮੀਟ ਵਿੱਚ ਵਿੱਚ ਪਾ ਕੇ ਖਵਾ ਦਿੱਤੀਆਂ ਸਨ। ਇਸ ਤੋਂ ਬਾਅਦ ਰੱਜੀ ਕੌਰ ਨੇ ਆਪਣੇ ਪ੍ਰੇਮੀ ਸੁਰਜੀਤ ਸਿੰਘ ਉਰਫ ਬੱਗਾ ਨਾਲ ਮਿਲ ਕੇ ਮੁਤਵਫੀ ਅਮਰੀਕ ਸਿੰਘ ਉਰਫ ਰੌਸ਼ਨੀ ਦੀ ਗਲਾ ਘੋਟ ਕੇ ਹੱਤਿਆ ਕਰ ਦਿੱਤੀ। ਫਿਰ ਦੋਵਾਂ ਨੇ ਗਿਣੀ ਮਿੱਥੀ ਸਾਜ਼ਿਸ਼ ਤਹਿਤ ਪਹਿਲਾਂ ਹੀ ਇਸ ਮੰਤਵ ਲਈ ਘਰ ਵਿੱਚ ਪੁੱਟੇ ਹੋਏ ਗੁਰਕੀ ਵਾਲੇ ਟੋਏ (ਕਰੀਬ 25 ਫੁੱਟ ਡੂੰਘਾ) ਵਿੱਚ ਅਮਰੀਕ ਸਿੰਘ ਉਰਫ ਰੌਸ਼ਨੀ ਦੀ ਲਾਸ਼ ਨੂੰ ਸੁੱਟ ਦਿੱਤਾ ਅਤੇ ਉਸ ਉੱਪਰ ਮਿੱਟੀ ਪਾ ਦਿੱਤੀ। ਅਗਲੇ ਦਿਨ ਸਵੇਰੇ ਰੱਜੀ ਕੌਰ ਨੇ ਆਪਣੇ ਦੋਵੇਂ ਨਾਬਾਲਗ ਲੜਕਿਆਂ ਜੱਸੂ ਤੇ ਜੋਤ (ਜਿਨ੍ਹਾਂ ਨੂੰ ਇਸ ਘਟਨਾ ਬਾਰੇ ਕੁੱਝ ਵੀ ਪਤਾ ਨਹੀਂ ਸੀ) ਨੂੰ ਨਾਲ ਲੈ ਕੇ ਟੋਆ ਪੂਰ ਦਿੱਤਾ ਅਤੇ ਉੱਪਰੋਂ ਲਿੱਪ ਦਿੱਤਾ। ਦੋਸ਼ੀਆਂ ਦੀ ਨਿਸ਼ਾਨਦੇਹੀ 'ਤੇ ਡਿਊਟੀ ਮੈਜਿਸਟ੍ਰੇਟ ਦੀ ਹਾਜ਼ਰੀ ਵਿੱਚ ਲਾਸ਼ ਨੂੰ ਬ੍ਰਾਮਦ ਕਰਵਾਇਆ ਗਿਆ ਹੈ।

ਸਕਾਊਟ-ਗਾਈਡਜ਼ ਕੈਂਪ ਦੌਰਾਨ ਵਿਦਿਆਰਥੀਆਂ ਨਾਲ ਅਧਿਆਪਕਾਂ ਨੇ ਵੀ ਦੇਸੀ ਢੰਗ ਨਾਲ ਖੁਦ ਬਣਾਇਆ ਖਾਣਾ : ਸਕੂਲ ਮੁਖੀ

ਸਕਾਊਟ ਦੇ ਵਿਦਿਆਰਥੀਆਂ ਨੂੰ ਸਨਮਾਨਤ ਕਰਦੇ ਹੋਏ ਸਕੂਲ ਮੁਖੀ ਦੀਪਕ ਗਾਂਧੀ, ਸੰਦੀਪ ਕੰਬੋਜ ਅਤੇ ਪ੍ਰਬੰਧਕ।

ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ)

ਭਾਰਤ ਸਕਾਊਟ ਐਂਡ ਗਾਈਡਜ਼ ਪੰਜਾਬ ਦੇ ਸਟੇਟ ਆਰਗੇਨਾਈਜ਼ਰ ਕਮਿਸ਼ਨਰ ਉਂਕਾਰ ਸਿੰਘ ਦੀਆਂ ਹਦਾਇਤਾਂ ਅਨੁਸਾਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਫਿਰੋਜ਼ਪੁਰ ਚਮਕੌਰ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਫਿਰੋਜ਼ਪੁਰ ਕਮ ਜ਼ਿਲ੍ਹਾ ਸਕੱਤਰ ਸਕਾਊਟ ਐਂਡ ਗਾਈਡਜ਼ ਸੁਖਵਿੰਦਰ ਸਿੰਘ ਅਤੇ ਜ਼ਿਲ੍ਹਾ ਆਰਗੇਨਾਈਜ਼ਰ ਕਮਿਸ਼ਨਰ ਚਰਨਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਹਾਈ ਸਕੂਲ ਪਿੰਡੀ ਵਿਖੇ ਭਾਰਤ ਸਕਾਊਟ ਐਂਡ ਗਾਈਡਜ਼ ਅਧੀਨ ਚਾਰ ਰੋਜ਼ਾ ਤਰਿੱਤਆ ਸੋਪਾਨ ਕੈਂਪ ਮੁੱਖ ਅਧਿਆਪਕ ਦੀਪਕ ਗਾਂਧੀ ਦੀ ਅਗਵਾਈ ਹੇਠ ਲੱਗਿਆ ਹੋਇਆ ਸੀ। ਇਹ ਜਾਣਕਾਰੀ ਦਿੰਦਿਆਂ ਹੋਇਆਂ ਜ਼ਿਲ੍ਹਾ ਟ੍ਰੇਨਿੰਗ ਕਮਿਸ਼ਨਰ ਕੇਵਲ ਕ੍ਰਿਸ਼ਨ ਸੇਠੀ ਅਤੇ ਤਹਿਸੀਲ ਗੁਰੂਹਰਸਹਾਏ ਦੇ ਸੈਕੰਡਰੀ ਵਿੰਗ ਦੇ ਸਕਾਊਟ ਇੰਚਾਰਜ ਸੰਦੀਪ ਕੰਬੋਜ ਨੇ ਦੱਸਿਆ ਕਿ ਇਸ ਕੈਂਪ ਵਿੱਚ ਮੁੱਖ ਮਹਿਮਾਨ ਬੀ.ਐਨ.ਓ ਕਮ ਪ੍ਰਿੰਸੀਪਲ ਪ੍ਰੇਮ ਸਿੰਘ, ਜ਼ਿਲ੍ਹਾ ਆਰਗੇਨਾਈਜਿੰਗ ਕਮਿਸ਼ਨਰ ਚਰਨਜੀਤ ਸਿੰਘ, ਡਾ. ਮਹਿੰਦਰਪਾਲ, ਪਸਵਕ ਚੇਅਰਮੈਨ ਸੁਭਾਸ਼ ਚੰਦਰ , ਸਰਪੰਚ ਕੁਲਵਿੰਦਰ ਮਾਲਾ ਵਿਸ਼ੇਸ਼ ਤੌਰ 'ਤੇ ਕੈਂਪ ਵਿੱਚ ਪਹੁੰਚੇ। ਅੱਜ ਇਸ ਕੈਂਪ ਦੀ ਸਮਾਪਤੀ ਮੌਕੇ ਸਕਾਊਟ-ਗਾਈਡਜ਼ ਨੂੰ ਜੰਗਲ ਵਿੱਚ ਜੀਵਨ ਬਤੀਤ ਕਰਨ ਬਾਰੇ ਦੱਸਿਆ ਗਿਆ ਅਤੇ ਸਕਾਊਟ ਗਾਈਡ ਦੇ 16 ਗਰੁੱਪਾਂ ਨੇ ਵੱਖ-ਵੱਖ 16 ਟੈਂਟ ਜੰਗਲ ਦੀ ਤਰਜ਼ 'ਤੇ ਲਗਾਏ ਗਏ ਅਤੇ ਘਰ ਤੋਂ ਸਮਾਨ ਲਿਆ ਕੇ ਖਾਣਾ ਵੀ ਵਿਦਿਆਰਥੀਆਂ ਨੇ ਟੈਂਟ ਵਿੱਚ ਖੁਦ ਹੀ ਤਿਆਰ ਕੀਤਾ। ਇਸ ਕੈਂਪ ਵਿੱਚ ਨਵੀਂ ਚੀਜ਼ ਇਹ ਦੇਖਣ ਨੂੰ ਮਿਲੀ ਕਿ ਇਸ ਕੈਂਪ ਵਿੱਚ ਅਧਿਆਪਕਾਂ ਨੇ ਵੀ ਖੁਦ ਟੈਂਟ ਲਗਾ ਕੇ ਦੇਸੀ ਢੰਗ ਨਾਲ ਖਾਣਾ ਬਣਾਇਆ। ਇਸ ਮੌਕੇ ਸਕਾਊਟ ਗਾਈਡ ਕੈਂਪ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਮੁੱਖ ਅਧਿਆਪਕ ਦੀਪਕ ਗਾਂਧੀ, ਸੰਦੀਪ ਕੰਬੋਜ, ਸ਼ੁਬੇਗ ਸਿੰਘ, ਰਵੀ ਕੁਮਾਰ, ਬਲਵਿੰਦਰ ਸਿੰਘ, ਸਨਮ ਨੱਢਾ, ਨੀਲਮ ਰਾਣੀ, ਪਰਮਿੰਦਰ ਕੌਰ, ਗਗਨਦੀਪ ਕੌਰ, ਚਰਨਜੀਤ ਕੌਰ, ਸੋਨੀਆ, ਨੀਲਮ ਰਾਣੀ, ਰੇਖਾ ਰਾਣੀ, ਦਿਕਸ਼ਾ ਕੰਬੋਜ, ਅਨੀਸ਼ਾ ਰਾਣੀ, ਨਵਨੀਤ ਕੌਰ, ਸੀਮਾ ਰਾਣੀ ਅਤੇ ਗੁਰਵਿੰਦਰ ਕੌਰ ਆਦਿ ਹਾਜ਼ਰ ਸਨ।

ਜੀ ਓ ਜੀ ਸੇਵਾਵਾਂ ਖ਼ਤਮ ਕਰਨ ਦੇ ਵਿਰੋਧ 'ਚ ਪੰਜਾਬ ਸਰਕਾਰ ਖ਼ਿਲਾਫ਼ ਸਮਾਣਾ 'ਚ ਰੋਸ ਪ੍ਰਦਰਸ਼ਨ

ਸਮਾਣਾ (ਇਕਬਾਲ ਸਿੰਘ ਬੱਲ)

ਪੰਜਾਬ ਸਰਕਾਰ ਵੱਲੋਂ ਜੀ ਓ ਜੀ ਵਿਭਾਗ ਦੀਆਂ ਸੇਵਾਵਾਂ ਖ਼ਤਮ ਕਰਨ ਦੇ ਵਿਰੋਧ ਵਿੱਚ ਜੀ ਓ ਜੀ ਟੀਮ ਪਟਿਆਲਾ ਵੱਲੋਂ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਜਰਾ ਦੇ ਦਫ਼ਤਰ ਸਮਾਣਾ ਵਿਖੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੀ ਓ ਜੀ ਟੀਮ ਦੇ ਕੈਪਟਨ ਰੱਤੀ ਰਾਮ ਸ਼ਰਮਾ, ਕੈਪਟਨ ਧਰਮਿੰਦਰ ਸਿੰਘ, ਸੂਬੇਦਾਰ ਮੇਜਰ ਅਮਰੀਕ ਸਿੰਘ ਮੌਂਬਰ 31ਮੌਂਬਰੀ ਕਮੇਟੀ, ਬਲਵਿੰਦਰ ਸਿੰਘ ਭਾਰਦਵਾਜ, ਸੂਬੇਦਾਰ ਮੇਜਰ ਸੁਖਵਿੰਦਰ ਸਿੰਘ ਅਤੇ ਹੌਲਦਾਰ ਮੁਖਤਿਆਰ ਸਿੰਘ ਨੇ ਦੱਸਿਆ ਕਿ ਜੀ ਓ ਜੀ ਟੀਮ ਸਾਲ 2017 ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ੁਰੂ ਕੀਤੀ ਸੀ। ਜਿਨ੍ਹਾਂ ਦਾ ਮੁੱਖ ਉਦੇਸ਼ ਪੰਜਾਬ ਵਿੱਚ ਚੱਲ ਰਹੇ ਭ੍ਰਿਸ਼ਟਾਚਾਰ ਨੂੰ ਰੋਕਣਾ ਸੀ ਤਾਂ ਜੋ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਲੋੜਵੰਦ ਲੋਕਾਂ ਤੱਕ ਪਹੁੰਚਾਇਆ ਜਾ ਸਕੇ। ਜੀ ਓ ਜੀ ਟੀਮ ਨੇ ਪੂਰੀ ਮਿਹਨਤ, ਇਮਾਨਦਾਰੀ ਅਤੇ ਲਗਨ ਨਾਲ ਕੰਮ ਕੀਤਾ ਅਤੇ ਪੰਜਾਬ ਅੰਦਰ ਜੋ ਕੁਝ ਹੋ ਰਿਹਾ ਸੀ, ਉਹ ਸਰਕਾਰ ਦੇ ਸਾਹਮਣੇ ਰੱਖਿਆ। ਉਨ੍ਹਾਂ ਕਿਹਾ ਕਿ ਆਟਾ ਦਾਲ ਸਕੀਮ ਤਹਿਤ ਉਨ੍ਹਾਂ ਲਾਭਪਾਤਰੀਆਂ ਦੇ ਕਾਰਡ ਬਣਾਏ ਜਿਨ੍ਹਾਂ ਦੇ ਕਾਰਡ ਡੀਪ ਹੋਲਡਰਾਂ ਅਤੇ ਇੰਸਪੈਕਟਰਾਂ ਦੀ ਮਿਲੀਭੁਗਤ ਨਾਲ ਨਹੀਂ ਬਣੇ ਸਨ। ਉਨ੍ਹਾਂ ਕਿਹਾ ਮਨਰੇਗਾ ਸਕੀਮ ਤਹਿਤ ਕਈ ਲੋਕਾਂ ਨੂੰ ਬਣਦਾ ਲਾਭ ਨਹੀਂ ਮਿਲਦਾ ਸੀ ਜੋ ਕਿ ਜੀ ਓ ਜੀ ਟੀਮ ਨੇ ਉਨ੍ਹਾਂ ਲਾਭਪਾਤਰੀਆਂ ਦੀ ਮਦਦ ਕੀਤੀ। ਜੀ ਓ ਜੀ ਟੀਮ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਸਿਵਲ ਪ੍ਰਸ਼ਾਸਨ ਨਾਲ ਮਿਲ ਕੇ ਰੈਲੀਆਂ ਕਰ ਕੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਹਿਮ ਯੋਗਦਾਨ ਪਾਇਆ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਕਿ ਜੀ ਓ ਜੀ ਨੂੰ ਆਪਣੀ ਇਮਾਨਦਾਰੀ ਦਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ ਅਤੇ ਸਰਕਾਰ ਉਨ੍ਹਾਂ ਵੱਲੋਂ ਕੀਤੇ ਕੰਮਾਂ ਦੀ ਡੂੰਘਾਈ ਨਾਲ ਜਾਂਚ ਕਰੇ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਫ਼ੈਸਲੇ 'ਤੇ ਮੁੜ ਵਿਚਾਰ ਕਰੇ ਅਤੇ ਜੀ ਓ ਜੀ ਟੀਮ ਨੂੰ ਮੁੜ ਬਹਾਲ ਕਰੇ। ਇਸ ਮੌਕੇ ਸੂਬੇਦਾਰ ਮੇਜਰ ਅਮਰੀਕ ਸਿੰਘ ਨਾਭਾ, ਸੂਬੇਦਾਰ ਸ਼ਮਸ਼ੇਰ ਸਿੰਘ ਪਾਤੜਾਂ, ਸੂਬੇਦਾਰ ਸੱਜਣ ਸਿੰਘ ਸਮਾਣਾ, ਸੂਬੇਦਾਰ ਗੁਰਸ਼ਰਨ ਸਿੰਘ ਦੁਧੱਨ ਸਾਧਨ, ਸੂਬੇਦਾਰ ਰਾਮ ਸਿੰਘ ਰਾਜਪੁਰਾ, ਸੂਬੇਦਾਰ ਭਜਨਪ੍ਰਕਾਸ਼ ਸਿੰਘ ਪਟਿਆਲਾ ਅਤੇ ਜ਼ਿਲ੍ਹਾ ਪਟਿਆਲਾ ਦੇ ਜੀ ਓ ਜੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਕਾਤਰਾਂ

ਸੱਟਾਂ ਮਾਰਨ ਤੇ ਟਰੈਕਟਰ ਦਾ ਨੁਕਸਾਨ ਕਰਨ ਦੇ ਦੋਸ਼ 'ਚ ਮਾਮਲਾ ਦਰਜ

ਮਲੋਟ (ਗੁਰਮੀਤ ਸਿੰਘ ਮੱਕੜ)-ਥਾਣਾ ਕਬਰਵਾਲਾ ਪੁਲਸ ਨੇ ਕੁੱਟਮਾਰ ਕਰਨ ਤੇ ਟਰੈਕਟਰ ਦਾ ਨੁਕਸਾਨ ਕਰਨ ਦੇ ਦੋਸ਼ ਹੇਠ ਤਿੰਨ ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਭੁਪਿੰਦਰ ਸਿੰਘ ਵਾਸੀ ਕਰਮਗੜ੍ਹ ਨੇ ਦੱਸਿਆ ਕਿ ਉਹ ਆਪਣੇ ਖੇਤ ਗੱਠਾਂ ਬਣਾਉਣ ਵਾਲੀ ਮਸ਼ੀਨ 'ਤੇ ਗੱਠਾਂ ਬਣਾ ਰਿਹਾ ਸੀ ਤੇ ਉਸ ਦੇ ਗੁਆਂਢੀ ਸੁਖਦੇਵ ਸਿੰਘ, ਜਗਦੇਵ ਸਿੰਘ ਤੇ ਰੂਪ ਸਿੰਘ ਵਾਸੀ ਕਰਮਗੜ੍ਹ ਵੀ ਉਸੇ ਮਸ਼ੀਨ ਨਾਲ ਆਪਣੇ ਖੇਤ ਵਿੱਚ ਗੱਠਾਂ ਬਣਵਾ ਰਹੇ ਸੀ ਅਤੇ ਉਸੇ ਦਿਨ ਗੱਠਾ ਭਰਨ ਵਾਲੇ ਸਾਡੇ ਖੇਤ ਵਿਚ ਟਰਾਲਾ ਭਰਨ ਆਏ ਹੋਏ ਸਨ, ਜੋ ਉਸ ਦੇ ਖੇਤ ਵਿੱਚ ਗੱਠਾਂ ਦਾ ਟਰਾਲਾ ਭਰ ਕੇ ਜਾਣ ਲੱਗੇ ਸੀ, ਪ੍ਰੰਤੂ ਉਨ੍ਹਾਂ ਦਾ ਡਰਾਇਵਰ ਅਣਜਾਣ ਸੀ, ਜਿਨ੍ਹਾਂ ਨੇ ਉਸ ਨੂੰ ਕਿਹਾ ਕਿ ਸਾਡਾ ਟਰਾਲਾ ਬਾਹਰ ਕੱਢ ਦੇ ਜਿਸ 'ਤੇ ਉਹ ਉਨ੍ਹਾਂ ਦਾ ਟਰੈਕਟਰ ਚਲਾ ਕੇ ਟਰਾਲਾ ਬਾਹਰ ਕੱਢ ਰਿਹਾ ਸੀ, ਜਿਸ 'ਤੇ ਸੁਖਦੇਵ ਸਿੰਘ ਤੇ ਕਾਹਣ ਸਿੰਘ ਵੀ ਖੇਤ ਵਿੱਚ ਆ ਗਏ, ਜਿਨ੍ਹਾਂ ਨੇ ਉਸ ਦੇ ਸੱਟਾਂ ਮਾਰੀਆਂ ਤੇ ਟਰੈਕਟਰ ਦਾ ਵੀ ਨੁਕਸਾਨ ਕੀਤਾ। ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਨੰ.177 ਧਾਰਾ 323,325,427,34 ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

400 ਲੀਟਰ ਲਾਹਣ ਸਣੇ ਕਾਬੂ

ਜਲਾਲਾਬਾਦ (ਦਰੂਜਾ)-ਥਾਣਾ ਵੈਰੋਕੇ ਪੁਲਸ ਨੇ 400 ਲੀਟਰ ਲਾਹਣ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖ਼ਾਸ ਨੇ ਇਤਲਾਹ ਦਿੱਤੀ ਕਿ ਕਰਨ ਪੁੱਤਰ ਬਚਨ ਸਿੰਘ ਵਾਸੀ ਮਹਾਲਮ ਨਾਜਾਇਜ਼ ਸ਼ਰਾਬ ਕੱਢਣ ਤੇ ਵੇਚਣ ਦਾ ਆਦੀ ਹੈ। ਜੇਕਰ ਹੁਣੇ ਛਾਪਾ ਮਾਰਿਆ ਜਾਵੇ ਤਾਂ ਉਸ ਨੂੰ ਲਾਹਣ ਦੇ ਡਰੰਮ ਸਮੇਤ ਕਾਬੂ ਕੀਤਾ ਜਾ ਸਕਦਾ ਹੈ। ਪੁਲਸ ਨੇ ਰੇਡ ਕਰਕੇ ਉਸ ਨੂੰ 400 ਲੀਟਰ ਲਾਹਣ ਸਣੇ ਕਾਬੂ ਕਰ ਲਿਆ, ਜਿਸ 'ਤੇ ਪਰਚਾ ਦਰਜ ਕਰ ਲਿਆ ਹੈ।

ਚੇਅਰਮੈਨ ਕਾਲੜਾ ਨੇ ਡੀ ਐੱਸ ਪੀ ਨੂੰ ਦੱਸੀਆਂ ਸਮੱਸਿਆਵਾਂ

ਜਲਾਲਾਬਾਦ (ਦਰੂਜਾ)-ਨਜ਼ਦੀਕੀ ਮੰਡੀ ਅਰਨੀਵਾਲਾ 'ਚ ਆ ਰਹੀਆਂ ਮੁਸ਼ਕਲਾਂ ਸਬੰਧੀ ਲੈਂਡਮਾਰਕਾ ਬੈਂਕ ਦੇ ਚੇਅਰਮੇਨ ਕੰਵਲ ਕਾਲੜਾ ਨੇ ਡੀ.ਐੱਸ.ਪੀ. ਅਤੁਲ ਸੋਨੀ ਨੂੰ ਮਿਲ ਕੇ ਜਾਣੂ ਕਰਵਾਇਆ। ਇਸ ਮੌਕੇ ਡੀ.ਐੱਸ.ਪੀ. ਸਾਹਿਬ ਨੇ ਵਿਸ਼ਵਾਸ ਦਿਵਾਇਆ ਕਿ ਜੋ ਵੀ ਮੰਡੀ ਅਰਨੀਵਾਲਾ 'ਚ ਸਮੱਸਿਆਵਾਂ ਆ ਰਹੀਆਂ ਹਨ, ਉਨ੍ਹਾਂ ਨੂੰ ਜਲਦ ਹੱਲ ਕੀਤਾ ਜਾਵੇਗਾ।

ਘਰ ਦੇ ਬਾਹਰ ਖੜ੍ਹੀ ਕਾਰ ਚੋਰੀ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਆਦਰਸ਼ ਨਗਰ ਗੁਰੂ ਹਰਸਹਾਏ ਵਿਖੇ ਘਰ ਦੇ ਬਾਹਰ ਖੜ੍ਹੀ ਅਣਪਛਾਤੇ ਵਿਅਕਤੀ ਵੱਲੋਂ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਗੁਰੂ ਹਰਸਹਾਏ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸ਼ੇਖਰ ਮੋਂਗਾ ਪੁੱਤਰ ਕ੍ਰਿਸ਼ਨ ਗੋਪਾਲ ਵਾਸੀ ਆਦਰਸ਼ ਨਗਰ ਗੁਰੂ ਹਰਸਹਾਏ ਨੇ ਦੱਸਿਆ ਕਿ ਉਹ ਆਪਣੀ ਕਾਰ ਸਵਿਫਟ ਵੀ ਡੀ ਆਈ ਮਾਡਲ 2013 ਨੰਬਰ ਐੱਚ ਆਰ 30 ਐੱਲ 9294 ਘਰ ਦੇ ਬਾਹਰ ਰੋਜ਼ਾਨਾ ਦੀ ਤਰ੍ਹਾਂ ਖੜੀ ਕੀਤੀ ਸੀ, ਜਿਸ ਦਾ ਸ਼ੀਸ਼ਾ ਤੋੜ ਕੇ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਗੁਰਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਆਈ ਐਸ ਐਫ ਕਾਲਜ ਆਫ ਫਾਰਮੇਸੀ 'ਚ ਇੱਕ ਰੋਜ਼ਾ ਰਾਸ਼ਟਰੀ ਵਰਕਸ਼ਾਪ

ਮੋਗਾ ਦੇ ਆਈ.ਐਸ.ਐਫ. ਕਾਲਜ ਵਿਖੇ ਵਰਕਸ਼ਾਪ ਦਾ ਜੋਤੀ ਜਗਾ ਕੇ ਸ਼ੁਰੂਆਤ ਕਰਦੇ ਹੋਏ ਸੰਸਥਾ ਦੇ ਸੈਕਟਰੀ ਇੰਜੀ. ਜਨੇਸ਼ ਗਰਗ, ਮਾਹਰ ਸੰਤੋਸ਼ ਕੁਮਾਰ, ਸ਼ਿਵਾਨੀ ਤਿਆਗੀ, ਡਾਇਰੈਕਟਰ ਡਾ.ਜੀ.ਡੀ.ਗੁਪਤਾ, ਵਾਈਸ ਪ੍ਰਿੰਸੀਪਲ ਡਾ. ਆਰ.ਕੇ.ਨਾਰੰਗ, ਡਾ. ਸ਼ਮਸ਼ੇਰ ਸਿੰਘ, ਡਾ. ਸਿਧਾਰਥ ਮੇਹਨ, ਸਮੂਹ ਵ

27-NOV-PAGE-9.qxd 11/26/2022 10:25 PM Page 1

ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਉੱਚ ਅਧਿਕਾਰੀਆਂ ਨੂੰ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ

■ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ : ਪ੍ਰਕਾਸ਼ ਕੌਰ

ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਬਲਾਕ ਮਮਦੋਟ ਵੱਲੋਂ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਾਇਬ ਤਹਿਸੀਲਦਾਰ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਾਮ ਮੰਗ ਪੱਤਰ ਦਿੱਤਾ ਗਿਆ, ਜੋ ਕਿ ਉਨ੍ਹਾਂ ਦੇ ਆਰ ਸੀ ਨੇ ਰਸੀਵ ਕੀਤਾ।

ਇਸ ਮੌਕੇ ਬਲਾਕ ਪ੍ਰਧਾਨ ਪ੍ਰਕਾਸ਼ ਕੌਰ ਨੇ ਕਿਹਾ ਕਿ ਆਂਗਣਵਾੜੀ ਸੈਂਟਰਾਂ ਦੇ 3 ਸਾਲ ਤੋਂ 6 ਸਾਲ ਤੱਕ ਦੇ ਬੱਚੇ, ਜੋ ਸਰਕਾਰ ਨੇ 2017 ਵਿੱਚ ਖੋਹ ਕੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਭੇਜ ਦਿੱਤੇ ਸਨ, ਨੂੰ ਵਾਪਸ ਸੈਂਟਰਾਂ ਵਿੱਚ ਭੇਜਿਆ ਜਾਵੇ ਤੇ ਆਂਗਣਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ। ਜਦੋਂ ਤੱਕ ਇਹ ਲਾਗੂ ਨਹੀਂ ਹੁੰਦਾ, ਉਦੋਂ ਤੱਕ ਕੀਤੇ ਗਏ ਵਾਅਦੇ ਅਨੁਸਾਰ ਵਰਕਰਾਂ ਤੇ ਹੈਲਪਰਾਂ ਦਾ ਮਾਣ ਭੱਤਾ ਦੁੱਗਣਾ ਕੀਤਾ ਜਾਵੇ। ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇਂ 4 ਸਾਲਾਂ ਤੋਂ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਦੀ ਭਰਤੀ ਤੁਰੰਤ ਕੀਤੀ ਜਾਵੇ। ਭਰਤੀ ਦੇ ਨਿਯਮਾਂ ਵਿੱਚ ਪਿਛਲੀ ਸਰਕਾਰ ਵੱਲੋਂ ਕੁੱਝ ਤਰੁੱਟੀਆਂ ਕੀਤੀਆਂ ਗਈਆਂ ਸਨ, ਜਿਨ੍ਹਾਂ ਨੂੰ ਅਸੀਂ ਠੀਕ ਕਰਨ ਦੀ ਮੰਗ ਕਰਦੀਆਂ ਹਾਂ, ਜੋ ਕਿ ਮਹਿਕਮੇ ਨੇ ਠੀਕ ਕਰਨਾ ਮੰਨ ਲਿਆ ਹੈ, ਪਰ ਲਾਗੂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਤਰੁੱਟੀਆਂ ਨੂੰ ਦੂਰ ਕਰਕੇ ਨਵੀਂ ਭਰਤੀ ਨਿਯਮਾਂ ਵਿੱਚ ਸੋਧਾਂ ਕੀਤੀਆਂ ਜਾਣ। ਐੱਨ ਜੀ ਓ ਅਧੀਨ ਕੰਮ ਕਰਦੀਆਂ ਵਰਕਰਾਂ ਤੇ ਹੈਲਪਰਾਂ ਨੂੰ ਮੁੱਖ ਵਿਭਾਗ ਅਧੀਨ ਲਿਆਂਦਾ ਜਾਵੇ। ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ, ਉਤਸ਼ਾਹ ਵਰਧਕ ਰਾਸ਼ੀ ਕ੍ਰਮਵਾਰ ਵਰਕਰ ਤੇ ਹੈਲਪਰ ਨੂੰ 500 ਰੁਪਏ ਤੇ 250 ਰੁਪਏ ਦਿੱਤੇ ਜਾਣ। ਮਹੀਨੇ ਵਿੱਚ ਪੋਸ਼ਣ ਅਭਿਆਨ ਦੇ ਤਹਿਤ ਦੋ ਪ੍ਰੋਗਰਾਮ ਕੀਤੇ ਜਾਂਦੇ ਹਨ ਆਦਿ। ਇਸ ਮੌਕੇ ਪੁਸ਼ਪਿੰਦਰ ਕੌਰ ਮੀਤ ਪ੍ਰਧਾਨ, ਪ੍ਰੇਮ ਕੌਰ ਵਿੱਤ ਸਕੱਤਰ, ਮਹਿੰਦਰ ਕੌਰ ਸਲਾਹਕਾਰ, ਪਰਮਜੀਤ ਕੌਰ, ਰਾਜਿੰਦਰ ਕੌਰ, ਅੱਛਰਾਂ, ਨਰਿੰਦਰ ਕੌਰ ਨੀਰਜ਼ਾ, ਪਵਨਦੀਪ ਕੌਰ, ਪ੍ਰਵੀਨ ਕੌਰ, ਸੋਨੀਆ, ਰਾਜਵੰਤ ਕੌਰ, ਦੀਪੋ ਸੁਨੀਤਾ, ਸੁਖਦੀਪ ਕੌਰ ਤੇ ਰਾਜ ਕੌਰ ਸਾਡੇ ਸਮੇਤ ਵੱਡੀ ਗਿਣਤੀ 'ਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਮੌਜੂਦ ਸਨ।

ਮੱਖੂ (ਰਛਪਾਲ ਸਿੰਘ ਸੰਧੂ) : ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਬਲਾਕ ਮੱਖੂ ਵੱਲੋਂ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਉੱਚ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਾਮ ਮੰਗ ਪੱਤਰ ਦਿੱਤਾ ਤੇ ਮੰਗ ਕੀਤੀ ਕਿ ਯੂਨੀਅਨ ਦੀਆਂ ਸਾਰੀਆਂ ਮੰਗਾਂ ਮੰਨੀਆਂ ਜਾਣ ਤੇ ਮੁੱਖ ਮੰਤਰੀ ਜਥੇਬੰਦੀ ਦੀਆਂ ਆਗੂਆਂ ਨੂੰ ਮੀਟਿੰਗ ਦਾ ਸਮਾਂ ਦੇਣ।

ਆਪਣੀਆਂ ਹੱਕੀ ਮੰਗਾਂ ਦੇ ਸਬੰਧ ਵਿੱਚ ਐੱਸ ਡੀ ਐੱਮ ਜ਼ੀਰਾ ਨੂੰ ਦਿੱਤੇ ਮੰਗ ਪੱਤਰ ਬਾਰੇ ਜਾਣਕਾਰੀ ਦਿੰਦਿਆਂ ਬਲਾਕ ਪ੍ਰਧਾਨ ਜੀਵਨ ਸ਼ਰਮਾ ਨੇ ਮੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਆਂਗਣਵਾੜੀ ਸੈਂਟਰਾਂ ਦੀਆਂ ਇਮਾਰਤਾਂ ਆਧੁਨਿਕ ਸਹੂਲਤਾਂ ਵਾਲੀਆਂ ਬਣਾਈਆਂ ਜਾਣ। ਹਜ਼ਾਰਾਂ ਆਂਗਣਵਾੜੀ ਸੈਂਟਰਾਂ ਵਿੱਚ ਮੁੱਢਲੀਆਂ ਲੋੜੀਂਦੀਆਂ ਚੀਜ਼ਾਂ ਜਿਵੇਂ ਗੈਸ ਸਿਲੰਡਰ, ਬਰਤਨ, ਦਰੀਆਂ, ਫਰਨੀਚਰ, ਕੰਨਟੇਨਰ ਆਦਿ ਨਹੀਂ ਹਨ, ਇਨ੍ਹਾਂ ਚੀਜ਼ਾਂ ਨੂੰ ਮੁਹੱਈਆ ਕਰਵਾਇਆ ਜਾਵੇ। ਪੰਜਾਬ ਦੇ ਸਾਰੇ ਆਂਗਣਵਾੜੀ ਸੈਂਟਰਾਂ ਵਿੱਚ ਪਿਛਲੇ ਕਈ ਸਾਲਾਂ ਤੋਂ ਰਜਿਸਟਰ ਤੇ ਹੋਰ ਲੋੜੀਂਦੇ ਕਾਗਜ਼ ਪੱਤਰ ਨਹੀਂ ਦਿੱਤੇ ਜਾ ਰਹੇ ਤੇ ਨਾ ਹੀ ਸੈਂਟਰਾਂ ਦੀ ਸਾਫ ਸਫਾਈ ਕਰਨ ਲਈ ਕੋਈ ਸਮਾਨ ਦਿੱਤਾ ਜਾ ਰਿਹਾ, ਜਦੋਂਕਿ ਇਸ ਦੇ ਪ੍ਰਬੰਧ ਲਈ ਬਕਾਇਦਾ ਪੰਜ ਹਜ਼ਾਰ ਰੁਪਏ ਪ੍ਰਤੀ ਆਂਗਣਵਾੜੀ ਸੈਂਟਰ ਬੱਜਟ ਹੁੰਦਾ ਹੈ। ਸਾਡੀ ਮੰਗ ਹੈ ਕਿ ਇਹ ਪੈਸਾ ਆਂਗਣਵਾੜੀ ਵਰਕਰਾਂ ਦੇ ਖਾਤੇ ਵਿੱਚ ਪਾਇਆ ਜਾਵੇ ਤਾਂ ਕਿ ਉਹ ਸਾਰਾ ਸਾਮਾਨ ਆਪ ਖਰੀਦ ਸਕਣ। ਇਸ ਮੌਕੇ ਯੂਨੀਅਨ ਦੀਆਂ ਆਗੂ ਗੁਰਮੀਤ ਕੌਰ, ਜਸਵਿੰਦਰ ਕੌਰ, ਪ੍ਰਮਜੀਤ ਕੌਰ, ਅੰਜੂ, ਜਸਵੀਰ ਕੌਰ, ਕੈਲਾਸ਼ ਕੌਰ, ਮਨਦੀਪ ਕੌਰ, ਮਹਿੰਦਰ ਕੌਰ, ਬਲਵੀਰ ਕੌਰ ਆਦਿ ਹਾਜ਼ਰ ਸਨ।

ਖੇਤ ਮਜ਼ਦੂਰਾਂ ਵੱਲੋਂ 30 ਨੂੰ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ

ਸੰਗਰੂਰ (ਪ੍ਰਵੀਨ ਸਿੰਘ)-ਪੰਜਾਬ ਖੇਤ ਮਜ਼ਦੂਰ ਸਭਾ ਦੇ ਮਜ਼ਦੂਰਾਂ ਦੀ ਇਕੱਤਰਤਾ ਪਿੰਡ ਬੀਬੜੀ ਜ਼ਿਲ੍ਹਾ ਸੰਗਰੂਰ ਵਿਖੇ ਸਾਥੀ ਦਲਵਾਰਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਕਾਮਰੇਡ ਨਿਰਮਲ ਸਿੰਘ ਬਟੜਿਆਣਾ ਸਟੇਟ ਕਮੇਟੀ ਮੈਂਬਰ ਪੰਜਾਬ ਖੇਤ ਮਜ਼ਦੂਰ ਸਭਾ ਉਚੇਚੇ ਤੌਰ 'ਤੇ ਪਹੁੰਚੇ। ਉਨ੍ਹਾਂ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਤੇ ਪੰਜਾਬ ਲੋਕਾਂ ਨਾਲ ਚੋਣਾਂ ਸਮੇਂ ਕੀਤੇ ਵਾਅਦੇ ਲਾਗੂ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਹੈ। ਸਰਕਾਰ ਲੋਕਾਂ ਦਾ ਇਮਤਿਹਾਨ ਨਾ ਲਵੇ। ਲੋਕਾਂ ਦੇ ਲਟਕਦੇ ਮਸਲੇ ਹੱਲ ਕਰੇ। ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਰੋਜ਼ਾਨਾ ਲਾਗੂ ਕੀਤੀ ਜਾਵੇ, ਮਨਰੇਗਾ ਮਜ਼ਦੂਰਾਂ ਦਾ ਕੰਮ ਸਮਾਂ 200 ਦਿਨ ਸਾਲ ਵਿੱਚ ਕੀਤਾ ਜਾਵੇ, ਗਰੀਬਾਂ ਨੂੰ 10-10 ਮਰਲੇ ਦੇ ਪਲਾਟ ਤੇ ਮਕਾਨ ਬਣਾਉਣ ਲਈ ਫੌਰੀ 5 ਲੱਖ ਰੁਪਏ ਦਿੱਤੇ ਜਾਣ, ਪੰਚਾਇਤੀ ਜ਼ਮੀਨਾਂ ਵਿੱਚੋਂ 1/3 ਹਿੱਸਾ ਜ਼ਮੀਨ ਦਲਿਤਾਂ ਤੇ ਗਰੀਬਾਂ ਨੂੰ ਘੱਟ ਰੇਟ 'ਤੇ ਦਿੱਤੀ ਜਾਵੇ, ਮਜ਼ਦੂਰਾਂ ਦੇ ਸਾਰੇ ਕਰਜ਼ੇ ਮੁਆਫ ਕੀਤੇ ਜਾਣ, ਦਲਿਤਾਂ 'ਤੇ ਹੁੰਦੇ ਜ਼ੁਲਮ ਰੋਕੇ ਜਾਣ, ਬੇਜ਼ਮੀਨੇ ਮਜ਼ਦੂਰਾਂ ਨੂੰ ਸਹਿਕਾਰੀ ਸਭਾ ਦਾ ਮੈਂਬਰ ਬਣਾਇਆ ਜਾਵੇ, ਸ਼ਗਨ ਸਕੀਮ ਦੇ ਪੈਂਡਿੰਗ ਕੇਸ ਤੁਰੰਤ ਹੱਲ ਕੀਤੇ ਜਾਣ, ਬੁਢਾਪਾ, ਵਿਧਵਾ ਤੇ ਅੰਗਹੀਣ ਪੈਨਸ਼ਨ 5000 ਰੁਪਏ ਮਹੀਨਾ ਕੀਤੀ ਜਾਵੇ ਤੇ ਲਟਕ ਰਹੇ ਪੈਨਸ਼ਨ ਕੇਸ ਤੁਰੰਤ ਹੱਲ ਕੀਤੇ ਜਾਣ। ਮੀਟਿੰਗ ਉਪਰੰਤ ਸਰਬਸੰਮਤੀ ਨਾਲ ਪਿੰਡ ਇਕਾਈ ਦੀ ਚੋਣ ਕੀਤੀ ਗਈ, ਜਿਸ ਵਿੱਚ ਪ੍ਰਧਾਨ ਦਲਵਾਰਾ ਸਿੰਘ, ਮੀਤ ਪ੍ਰਧਾਨ ਜਗਦੀਸ਼ ਸਿੰਘ, ਸਕੱਤਰ ਰੂਪ ਇੰਦਰ ਕੌਰ, ਮੀਤ ਸਕੱਤਰ ਹਰਪ੍ਰੀਤ ਕੌਰ, ਖਜ਼ਾਨਚੀ ਚਰਨਜੀਤ ਕੌਰ ਚੁਣੇ ਗਏ। ਮੰਗਾਂ ਦੇ ਹੱਕ ਵਿੱਚ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਕੋਠੀ ਅੱਗੇ 30 ਨਵੰਬਰ ਨੂੰ ਧਰਨਾ ਦਿੱਤਾ ਦੇਣਗੇ।

ਕਾਤਰਾਂ

ਹੈਰੋਇਨ ਅਤੇ ਡਰੱਗ ਮਨੀ ਸਮੇਤ ਦੋ ਨੌਜਵਾਨਾਂ ਨੂੰ ਕੀਤਾ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਥਾਣਾ ਸਿਟੀ ਪੁਲਸ ਨੇ ਹੈਰੋਇਨ ਅਤੇ ਡਰੱਗ ਮਨੀ ਸਮੇਤ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੇ ਦੌਰਾਨ ਪਿੰਡ ਸ਼ੇਖੂ ਨੂੰ ਜਾ ਰਹੇ ਸੀ ਤਾਂ ਜਦੋਂ ਪੁਲਸ ਪਾਰਟੀ ਬਠਿੰਡਾ-ਮਲੋਟ ਜੀ.ਟੀ. ਰੋਡ ਤੋਂ ਥੋੜ੍ਹਾ ਪਿੱਛੇ ਸੀ ਤਾਂ ਸੱਜੇ ਹੱਥ ਦੋ ਮੋਨੇ ਨੌਜਵਾਨ ਦਿਨੇਸ਼ ਕੁਮਾਰ ਅਤੇ ਸੁਨੀਲ ਉਰਫ਼ ਦੀਪਕ ਗੋਬਿੰਦ ਨਗਰ ਮਲੋਟ ਬੈਠੇ ਦਿਖਾਈ ਦਿੱਤੇ ਜੋ ਇੱਕ ਮੋਮੀ ਲਿਫ਼ਾਫ਼ੇ ਦੀ ਫਰੋਲਾ ਫ਼ਰਾਲੀ ਕਰ ਰਹੇ ਸੀ, ਜਿਨ੍ਹਾਂ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 8 ਗ੍ਰਾਮ ਹੈਰੋਇਨ ਅਤੇ 80 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਕਰ ਲਈ ਗਈ। ਪੁਲਸ ਨੇ ਉਕਤ ਨੌਜਵਾਨਾਂ 'ਤੇ ਮੁਕੱਦਮਾ ਨੰ.288 ਧਾਰਾ 21ਬੀ/61/85 ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮੁਫ਼ਤ ਮੈਡੀਕਲ ਕੈਂਪ ਅੱਜ

ਜਲਾਲਾਬਾਦ (ਦਰੂਜਾ)-ਖਾਲਸਾ ਬੂਟੀਕ ਐਂਡ ਕਲਾਥ ਹਾਊਸ ਤੇ ਮਨੁੱਖਤਾ ਦੀ ਸੇਵਾ ਸਰਬੱਤ ਦਾ ਭਲਾ ਸੰਸਥਾ ਵੱਲੋਂ ਸਾਂਝੇ ਤੌਰ 'ਤੇ 27 ਨਵੰਬਰ ਨੂੰ ਨਜ਼ਦੀਕੀ ਪਿੰਡ ਕੱਚੇ ਕਾਲੇ ਵਾਲਾ ਨਜ਼ਦੀਕ ਟਾਇਲ ਫੈਕਟਰੀ ਕੋਲ ਮੁਫ਼ਤ ਮੈਡੀਕਲ ਕੈਂਪ ਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਸਤਨਾਮ ਥਿੰਦ, ਡਾ. ਰਾਜ ਮਹਿਰੋਕ ਤੇ ਡਾ. ਸੋਨੂੰ ਮਹਿਰੋਕ ਨੇ ਕਿਹਾ ਕਿ ਉਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਸਮਾਜ ਭਲਾਈ ਦੇ ਕੰਮ ਕੀਤੇ ਜਾਂਦੇ ਰਹੇ ਹਨ ਤੇ ਇਸੇ ਤਹਿਤ ਮੁਫ਼ਤ ਮੈਡੀਕਲ ਕੈਂਪ ਲਾਇਆ ਜਾ ਰਿਹਾ ਹੈ ਤੇ ਇਸ ਕੈਂਪ ਦੌਰਾਨ ਡਾ. ਸੁਮਨਦੀਪ ਐੱਸ.ਐੱਮ.ਓ. (ਔਰਤਾਂ ਦੇ ਰੋਗਾਂ ਦੇ ਮਾਹਰ) ਡਾ. ਸਮਿਤ ਲੂਨਾ (ਹੱਡੀਆਂ ਦੇ ਮਾਹਰ), ਡਾ. ਰਾਜ ਮਹਿਰੋਕ (ਅਧਰੰਗ ਦੇ ਮਾਹਿਰ), ਡਾ. ਗੌਤਮ ਰੇਖੀ (ਚਮੜੀ ਦੇ ਮਾਹਰ), ਸਾਜਨ ਵਾਟਸ (ਅੱਖਾਂ ਦੇ ਮਾਹਰ), ਡਾ. ਰਮੇਸ਼ ਲਾਡੀ (ਐੱਮ.ਐੱਲ.ਟੀ. ਸਿਵਲ ਹਸਪਤਾਲ), ਡਾ. ਤਨਵੀਰ ਮਲਿਕ ਮਲੇਰਕੋਟਲੇ ਵਾਲੇ (ਹੱਡੀਆਂ ਦੇ ਮਾਹਰ) ਤੇ ਬਾਲਾ ਜੀ ਲੈਬ ਵੱਲੋਂ ਸ਼ੂਗਰ ਟੈਸਟ ਫ਼ਰੀ ਕੀਤੇ ਜਾਣਗੇ।

ਬਜਟ ਤੋਂ ਪਹਿਲਾਂ ਵਿੱਤ ਮੰਤਰੀ ਵੱਲੋਂ ਆਨਲਾਈਨ ਮੀਟਿੰਗ ਦਾ ਟ੍ਰੇਡ ਯੂਨੀਅਨਾਂ ਵੱਲੋਂ ਵਿਰੋਧ

ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ)-ਜਾਰੀ ਬਿਆਨ ਵਿੱਚ ਦੇਸ਼ ਭਰ ਦੀਆਂ ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਅਜ਼ਾਦ ਫੈਡਰੇਸ਼ਨਾਂ ਦੇ ਸਾਂਝੇ ਪਲੇਟਫਾਰਮ ਨੇ ਕੇਂਦਰੀ ਵਿੱਤ ਮੰਤਰੀ ਵੱਲੋਂ ਉਨ੍ਹਾਂ ਨੂੰ ਬਜਟ ਤੋਂ ਪਹਿਲਾਂ ਵਿੱਤੀ ਮਾਮਲਿਆਂ ਦੇ ਸੀਨੀਅਰ ਸਲਾਹਕਾਰ ਰਾਹੀਂ ਵਿਚਾਰ ਵਟਾਂਦਰੇ ਲਈ ਆਨਲਾਈਨ ਮੀਟਿੰਗ ਲਈ ਭੇਜੇ ਸੱਦੇ ਦਾ ਵਿਰੋਧ ਕੀਤਾ ਗਿਆ ਹੈ। ਲੇਬਰ ਮਨਿਸਟਰੀ ਦੀ ਵੈਰੀਫਿਕੇਸ਼ਨ ਦੇ ਅਨੁਸਾਰ ਦੇਸ਼ ਵਿੱਚ 12 ਕੇਂਦਰੀ ਟ੍ਰੇਡ ਯੂਨੀਅਨਾਂ ਹਨ। ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਵਿੱਤ ਮੰਤਰੀ ਨੇ 28 ਨਵੰਬਰ ਨੂੰ 12 ਕੇਂਦਰੀ ਟ੍ਰੇਡ ਯੂਨੀਅਨਾਂ ਨੂੰ ਕੇਵਲ 75 ਮਿੰਟ ਟਾਈਮ ਦਿੱਤਾ ਹੈ, ਉਹ ਵੀ ਆਨਲਾਈਨ ਮੀਟਿੰਗ ਕਰਨ ਦਾ। ਯੂਨੀਅਨਾਂ ਦੇ ਆਗੂਆਂ ਨੇ ਕਿਹਾ ਕਿ ਇਹ ਬਿਲਕੁਲ ਗੈਰਵਾਜਬ ਹੈ ਤੇ ਮੀਟਿੰਗ ਆਹਮਣੇ ਸਾਹਮਣੇ ਹੋਣੀ ਚਾਹੀਦੀ ਹੈ ਤੇ ਇਸ ਦਾ ਸਮਾਂ ਵੀ ਵਧਾਉਣਾ ਚਾਹੀਦਾ ਹੈ। ਇੱਕ ਤਾਂ ਹੁਣ ਕਰੋਨਾ ਦੀਆਂ ਪਾਬੰਦੀਆਂ ਪੂਰੀ ਤਰਾਂ ਸਮਾਪਤ ਕਰ ਦਿੱਤੀਆਂ ਗਈਆਂ ਹਨ ਤੇ ਦੂਸਰੀ ਗੱਲ ਕਿ ਗੱਲਬਾਤ ਕਰਨ ਲਈ 2-5 ਮਿੰਟ ਤੋਂ ਵੱਧ ਸਮਾਂ ਕਿਸੇ ਨੂੰ ਨਹੀਂ ਮਿਲੇਗਾ ਜੋ ਕਿ ਇੱਕ ਕੋਝਾ ਮਜ਼ਾਕ ਹੈ। ਇਹ ਟ੍ਰੇਡ ਯੂਨੀਅਨਾਂ ਦੇਸ਼ ਦੇ ਕਰੋੜਾਂ ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ ਤੇ ਦੇਸ਼ ਦੀ ਜੀ ਡੀ ਪੀ ਵਿੱਚ ਬਹੁਤ ਵੱਡਾ ਹਿੱਸਾ ਪਾਉਂਦੀਆਂ ਹਨ। ਇਸ ਲਈ ਇਹ ਮੀਟਿੰਗ ਆਹਮਣੇ ਸਾਹਮਣੇ ਬੁਲਾਈ ਜਾਵੇ ਅਤੇ ਸਾਰੀਆਂ ਕੇਂਦਰੀ ਟ੍ਰੇਡ ਯੂਨੀਅਨਾਂ ਨੂੰ ਖੁੱਲ੍ਹਾ ਸਮਾਂ ਦੇ ਕੇ ਮੀਟਿੰਗ ਕੀਤੀ ਜਾਵੇ।

ਮੁਫਤ ਮੈਡੀਕਲ ਚੈੱਕਅਪ ਕੈਂਪ ਅੱਜ

ਨਾਭਾ (ਵਰਿੰਦਰ ਵਰਮਾ)-ਕਲਗੀਧਰ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਮੂੰਗੋ ਵਿਖੇ ਫ੍ਰੀ ਮੈਡੀਕਲ ਚੈੱਕਅੱਪ ਕੈਂਪ 27 ਨਵੰਬਰ ਨੂੰ ਲਾਇਆ ਜਾ ਰਿਹਾ ਹੈ, ਜਿਸ ਦਾ ਉਦਘਾਟਨ ਮੁੱਖ ਮਹਿਮਾਨ ਅਮਰਦੀਪ ਸਿੰਘ ਰਾਏ (ਆਈ ਪੀ ਐੱਸ) ਏ ਡੀ ਜੀ ਪੀ ਟ੍ਰੈਫਿਕ ਪੁਲਸ ਪੰਜਾਬ ਕਰਨਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਚੇਅਰਮੈਨ ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਮਾਹਰ ਡਾਕਟਰ ਬਲਵੀਰ ਖਾਨ, ਡਾਕਟਰ ਵਰਤਿਕਾ ਅਨੰਦ, ਡਾਕਟਰ ਵਿਭੂਤੀ ਮਿੱਤਲ ਤੇ ਦਿਲ ਦੇ ਰੋਗਾਂ ਦੇ ਮਾਹਰ ਡਾਕਟਰ ਅਮਰਜੀਤ ਸਿੰਘ ਸਾਹਨੀ, ਡਾਕਟਰ ਪਰਮਿੰਦਰ ਸਿੰਘ ਆਪਣੀਆਂ ਸੇਵਾਵਾਂ ਦੇਣਗੇ। ਕੈਂਪ ਵਿੱਚ ਜ਼ਰੂਰਤਮੰਦ ਮਰੀਜ਼ਾਂ ਦੇ ਫ੍ਰੀ ਅਪ੍ਰੇਸ਼ਨ ਕੀਤੇ ਜਾਣਗੇ, ਲੈਂਜ ਪਾਏ ਜਾਣਗੇ ਤੇ ਦਵਾਈਆਂ ਦਿੱਤੀਆਂ ਜਾਣਗੀਆਂ। ਇਸ ਮੌਕੇ ਖੂਨਦਾਨ ਕੈਂਪ ਵੀ ਲਗਾਇਆ ਜਾਵੇਗਾ।

5 ਕਿੱਲੋ ਭੁੱਕੀ ਸਮੇਤ 2 ਕਾਬੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਵੱਲੋਂ 5 ਕਿੱਲੋ ਭੁੱਕੀ ਸਮੇਤ ਹਰਦੀਪ ਸਿੰਘ ਵਾਸੀ ਸ਼ੇਰਪੁਰ ਬਸਤੀ ਤੇ ਧਰਮਿੰਦਰ ਸਿੰਘ ਵਾਸੀ ਨਾਨੋਵਾਲ ਮੰਡ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਦਵਿੰਦਰਪਾਲ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਸਰਹਿੰਦ ਨਹਿਰ ਕਿਨਾਰੇ ਗਸ਼ਤ ਕੀਤੀ ਜਾ ਰਹੀ ਸੀ ਕਿ ਇੱਕ ਮੋਟਰਸਾਈਕਲ 'ਤੇ 2 ਮੋਨੇ ਵਿਅਕਤੀ ਆ ਰਹੇ ਸਨ। ਪੁਲਸ ਪਾਰਟੀ ਨੂੰ ਦੇਖ ਕੇ ਮੋਟਰਸਾਈਕਲ ਸਵਾਰ ਪਿੱਛੇ ਮੁੜਨ ਲੱਗੇ, ਜਿਨ੍ਹਾਂ ਨੂੰ ਕਾਬੂ ਕਰ ਲਿਆ ਗਿਆ। ਇਨ੍ਹਾਂ ਦੋਵਾਂ ਵਿਅਕਤੀਆਂ ਦੀ ਪਹਿਚਾਣ ਹਰਦੀਪ ਸਿ

27-NOV-PAGE-1.qxd 11/26/2022 10:23 PM Page 2

ਜਗਤਾਰ ਸਿੰਘ ਬਣੇ ਖਜ਼ਾਨਾ ਅਫਸਰ

ਧੂਰੀ (ਬਿੰਨੀ ਗਰਗ)-ਯੋਗਾਚਾਰੀਆ ਤੇ ਰਾਜ ਪੁਰਸਕਾਰ ਵਿਜੇਤਾ ਬਾਬਾ ਜਗਤਾਰ ਸਿੰਘ, ਜੋ ਕਿ ਤਹਿਸੀਲ ਕੰਪਲੈਕਸ ਧੂਰੀ ਦੇ ਖਜ਼ਾਨਾ ਦਫਤਰ ਵਿੱਚ ਲੰਮੇਂ ਸਮੇਂ ਤੋਂ ਬਤੌਰ ਕਾਰਜਕਾਰੀ ਖਜ਼ਾਨਾ ਅਫਸਰ ਕੰਮ ਕਰਦੇ ਆ ਰਹੇ ਸਨ, ਦੀਆਂ ਸ਼ਾਨਦਾਰ ਸੇਵਾਵਾਂ ਬਦਲੇ ਪ੍ਰਮੁੱਖ ਸਕੱਤਰ ਵਿੱਤ ਵਿਭਾਗ ਖਜ਼ਾਨਾ ਤੇ ਲੇਖਾ ਸ਼ਾਖਾ ਪੰਜਾਬ ਨੇ ਉਨ੍ਹਾਂ ਨੂੰ ਬਤੌਰ ਖਜ਼ਾਨਾ ਅਫਸਰ ਪਦ-ਉੱਨਤ ਕਰ ਦਿੱਤਾ ਹੈ। ਇਸ ਮੌਕੇ ਜਗਤਾਰ ਸਿੰਘ ਨੇ ਕਿਹਾ ਕਿ ਉਹ ਇਸ ਅਹੁਦੇ 'ਤੇ ਰਹਿ ਕੇ ਪਹਿਲਾਂ ਵਾਂਗ ਆਪਣਾ ਕਾਰਜ ਪੂਰੀ ਇਮਾਨਦਾਰੀ ਨਾਲ ਕਰਦੇ ਰਹਿਣਗੇ। ਇਸ ਮੌਕੇ ਪੰਜਾਬ ਸਿੱਖਿਆ ਵਿਭਾਗ ਮਨਿਸਟਰੀਅਲ ਸਟਾਫ ਐਸੋਸੀਏਸ਼ਨ ਧੂਰੀ ਬ੍ਰਾਂਚ ਦੇ ਅਹੁਦੇਦਾਰਾਂ ਨੇ ਖਜ਼ਾਨਾ ਅਫਸਰ ਜਗਤਾਰ ਸਿੰਘ ਨੂੰ ਪਦ-ਉੱਨਤ ਹੋਣ 'ਤੇ ਸਨਮਾਨਤ ਕੀਤਾ। ਇਸ ਮੌਕੇ ਗੁਰਪ੍ਰੀਤ ਸਿੰਘ, ਪਰਮਪ੍ਰੀਤ ਸਿੰਘ ਬਾਜਵਾ, ਰਾਜੇਸ਼ ਕੁਮਾਰ, ਪਰਿਆਸ ਗੁਪਤਾ, ਚਰਨਜੀਤ ਸਿੰਘ, ਨਾਨਕ ਸਿੰਘ, ਸੁਖਰਾਜ ਸਿੰਘ, ਰਾਕੇਸ਼ ਕੌਰ, ਅਰਸ਼ਦੀਪ ਕੌਰ, ਕਰਮਪ੍ਰੀਤ ਸਿੰਘ, ਨਿਰਭੈ ਸਿੰਘ, ਭੀਮ ਸਿੰਘ, ਦਲਵੀਰ ਸਿੰਘ ਤੇ ਸੁਖਵਿੰਦਰ ਸਿੰਘ ਕਲਰਕ ਆਦਿ ਹਾਜ਼ਰ ਸਨ।

ਐੱਸ ਆਰ ਐੱਸ ਵਿੱਦਿਆਪੀਠ ਵੱਲੋਂ ਜੂਨੀਅਰ ਵਿੰਗ ਦਾ ਟੂਰ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵੱਲੋਂ ਜੂਨੀਅਰ ਵਿੰਗ ਦੇ ਬੱਚਿਆਂ ਦਾ ਟੂਰ ਛੱਤਬੀੜ ਚਿੜੀਆ ਘਰ ਲਿਜਾਇਆ ਗਿਆ। ਕੋਵਿਡ-19 ਦੇ ਚਲਦਿਆਂ ਕਾਫੀ ਲੰਮੇ ਸਮੇਂ ਤੋਂ ਬਾਅਦ ਬੱਚੇ ਇਸ ਟੂਰ 'ਤੇ ਜਾਣ ਲਈ ਬਹੁਤ ਖੁਸ਼ ਦਿਖਾਈ ਦੇ ਰਹੇ ਸਨ। ਬੱਚਿਆਂ ਨੇ ਟੂਰ 'ਤੇ ਜਾਣ ਲਈ ਵਧ-ਚੜ੍ਹ ਕੇ ਹਿੱਸਾ ਲਿਆ। ਬੱਚਿਆਂ ਨੇ ਇਸ ਟੂਰ 'ਤੇ ਜਾ ਕੇ ਬਹੁਤ ਅਨੰਦ ਮਾਣਿਆ। ਬੱਚਿਆਂ ਨੂੰ ਡਾਇਨਾਸੌਰ ਪਾਰਕ, ਸਨੇਕ ਗੈਲਰੀ ਤੇ ਬਰਡਜ਼ ਗੈਲਰੀ ਆਦਿ ਕਈ ਥਾਵਾਂ 'ਤੇ ਲਿਜਾਇਆ ਗਿਆ। ਬੱਚਿਆਂ ਨੂੰ ਕੈਬ ਸਵਾਰੀ ਤੇ ਲਾਇਨ ਸਫਾਰੀ ਵਿੱਚ ਵੀ ਲੈ ਕੇ ਜਾਇਆ ਗਿਆ, ਜਿਸ ਵਿੱਚ ਉਨ੍ਹਾਂ ਨੇ ਬਹੁਤ ਹੀ ਆਨੰਦ ਮਾਣਿਆ। ਵਿਦਿਆਰਥੀਆਂ ਨੂੰ ਜੰਗਲੀ ਜਾਨਵਰ ਤੇ ਸਮੁੰਦਰੀ ਜਾਨਵਰ ਦਿਖਾਏ ਗਏ ਤੇ ਉਨ੍ਹਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ। ਬੱਚਿਆਂ ਨੇ ਇਸ ਟੂਰ ਤੋਂ ਕੁਦਰਤ ਬਚਾਓ ਤੇ ਜਾਨਵਰ ਬਚਾਓ ਬਾਰੇ ਬਹੁਤ ਕੁਝ ਸਿੱਖਿਆ। ਸਕੂਲ ਦੁਆਰਾ ਬੱਚਿਆਂ ਨੂੰ ਖਾਣ-ਪੀਣ ਲਈ ਵੀ ਕਈ ਚੀਜ਼ਾਂ ਦਿੱਤੀਆਂ ਗਈਆਂ। ਬੱਚਿਆਂ ਨੇ ਇਸ ਟੂਰ ਦਾ ਬਹੁਤ ਆਨੰਦ ਮਾਣਿਆ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕਾ ਮਿਸ ਮਿਲੀ ਬੋਸ ਤੇ ਚੇਅਰਮੈਨ ਅਮਿਤ ਸਿੰਗਲਾ ਨੇ ਬੱਚਿਆਂ ਨੂੰ ਭਵਿੱਖ ਵਿੱਚ ਵੀ ਅਜਿਹੇ ਸਿੱਖਿਆਦਾਇਕ ਟੂਰ 'ਤੇ ਜਾਣ ਲਈ ਪ੍ਰੇਰਿਤ ਕੀਤਾ।

ਮਾਲਵਾ ਕਾਲਜ ਦੀ ਕਬੱਡੀ ਟੀਮ ਨੇ ਜਿੱਤਿਆ ਸਿਲਵਰ ਮੈਡਲ

ਸਮਰਾਲਾ (ਸੁਰਜੀਤ ਸਿੰਘ)-ਕਬੱਡੀ ਦੇ ਖੇਤਰ ਵਿੱਚ ਮਾਲਵਾ ਕਾਲਜ ਬੌਂਦਲੀ ਸਮਰਾਲਾ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਆਯੋਜਤ ਅੰਤਰ ਕਾਲਜ ਕਬੱਡੀ ਟੂਰਨਾਮੈਂਟ (ਨੈਸ਼ਨਲ ਸਟਾਇਲ) ਮੁਕਾਬਲਿਆਂ ਵਿੱਚ ਮਾਲਵਾ ਕਾਲਜ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ ਹਨ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਹਰਿੰਦਰ ਕੌਰ ਨੇ ਦੱਸਿਆ ਕਿ ਅੱਜ ਦਾ ਦਿਨ ਬਹੁਤ ਹੀ ਖੁਸ਼ੀਆਂ ਭਰਿਆ ਹੈ, ਜਦੋਂ ਇਸ ਕਾਲਜ ਦੀ ਕਬੱਡੀ ਟੀਮ ਨੇ ਸਿਲਵਰ ਮੈਡਲ ਜਿੱਤ ਕੇ ਕਾਲਜ ਤੇ ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕੀਤਾ ਹੈ। ਅਜਿਹੇ ਵਿਦਿਆਰਥੀ ਸੰਸਥਾ ਦੇ ਚਮਕਦੇ ਸਿਤਾਰੇ ਹੁੰਦੇ ਹਨ। ਇਸ ਮੌਕੇ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਬਲਬੀਰ ਸਿੰਘ ਰਾਜੇਵਾਲ, ਹੋਰ ਕਮੇਟੀ ਮੈਂਬਰਾਂ ਨੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਤੇ ਭਵਿੱਖ ਵਿੱਚ ਖੇਡਾਂ ਦੇ ਨਾਲ ਨਾਲ ਅਕਾਦਮਿਕ ਖੇਤਰ ਵਿੱਚ ਵੀ ਅੱਗੇ ਵਧਣ ਲਈ ਕਿਹਾ। ਸ੍ਰੀ ਇੰਦਰਜੀਤ ਸਿੰਘ, ਸਹਾਇਕ ਪ੍ਰੋਫੈਸਰ ਫ਼ਿਜਿਕਸ ਨੇ ਟੀਮ ਇੰਚਾਰਜ ਵਜੋਂ ਟੀਮ ਦਾ ਪੂਰਾ ਸਹਿਯੋਗ ਦਿੱਤਾ। ਸਮੂਹ ਸਟਾਫ਼ ਤੇ ਸਪੋਰਟਸ ਡੀਨ ਸ੍ਰੀ ਜਗਦੀਪ ਸਿੰਘ ਵੱਲੋਂ ਵਿਦਿਆਰਥੀ ਨੂੰ ਵਧਾਈ ਦਿੱਤੀ ਤੇ ਸੁਨਹਿਰੇ ਭਵਿੱਖ ਲਈ ਕਾਮਨਾ ਕੀਤੀ ਅਤੇ ਬਾਕੀ ਵਿਦਿਆਰਥੀਆਂ ਨੂੰ ਵੀ ਇਸੇ ਤਰ੍ਹਾਂ ਕਾਲਜ ਦਾ ਨਾਮ ਰੌਸ਼ਨ ਕਰਨ ਪ੍ਰੇਰਣਾ ਦਿੱਤੀ।

ਟੀ.ਐੱਲ.ਐੱਫ. ਸਕੂਲ 'ਚ ਇੰਗਲਿਸ਼ ਵੀਕ ਦੀ ਸ਼ੁਰੂਆਤ

ਮੋਗਾ (ਅਮਰਜੀਤ ਬੱਬਰੀ)-ਸ਼ਹਿਰ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਦਿ ਲਰਨਿੰਗ ਫੀਲਡ ਏ ਗਲੋਬਲ ਸਕੂਲ (ਟੀ.ਐੱਲ.ਐੱਫ.) ਵੱਲੋਂ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਨ ਦੇ ਮੰਤਵ ਨਾਲ ਇੰਗਲਿਸ਼ ਵੀਕ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਸਕੂਲ ਚੇਅਰਮੈਨ ਇੰਜੀ. ਜਨੇਸ਼ ਗਰਗ ਤੇ ਚੇਅਰਪਰਸਨ ਡਾ. ਮੁਸਕਾਨ ਗਰਗ ਨੇ ਦੱਸਿਆ ਕਿ ਇੰਗਲਿਸ਼ ਵੀਕ ਦੌਰਾਨ ਬੱਚਿਆਂ ਨੂੰ ਵੱਖ-ਵੱਖ ਟੌਪਿਕ ਬਾਰੇ ਮਾਹਰ ਟੀਚਰ ਜਾਣਕਾਰੀ ਦੇਣਗੇ। ਉਨ੍ਹਾ ਕਿਹਾ ਕਿ ਬੱਚਿਆਂ ਦੇ ਅੰਦਰ ਛੁਪੀ ਹੋਈ ਪ੍ਰਤਿਭਾ ਨੂੰ ਨਿਖਾਰਨ ਦੇ ਮੰਤਵ ਨਾਲ ਇਸ ਪ੍ਰਕਾਰ ਦੇ ਸਮਾਗਮ ਜ਼ਰੂਰੀ ਹੈ। ਉਨ੍ਹਾ ਕਿਹਾ ਕਿ ਬੱਚਿਆਂ ਨੂੰ ਅੰਤਰ ਰਾਸ਼ਟਰੀ ਭਾਸ਼ਾ ਅੰਗ੍ਰੇਜ਼ੀ ਸਿੱਖਣਾ ਬਹੁਤ ਫਾਇਦੇਮੰਦ ਹੈ। ਬੱਚੇ ਦਾ ਕਿਸੇ ਚੰਗੇ ਸਕੂਲ ਵਿੱਚ ਐਡਮੀਸ਼ਨ ਹੋਣਾ ਹੁਣ ਕਾਫੀ ਟਫ ਹੋ ਗਿਆ ਹੈ। ਸਕੂਲ ਵਿੱਚ ਆਪਣੇ ਕੁੱਝ ਪੈਰਾਮੀਟਰ ਹਨ, ਜਿਸ 'ਤੇ ਬੱਚੇ ਤੇ ਮਾਪੇ ਦੋਨਾਂ ਦਾ ਖਰਾ ਉਤਰਨਾ ਜ਼ਰੂਰੀ ਹੈ, ਜਿਸ ਨਾਲ ਇੰਗਲਿਸ਼ ਦਾ ਆਉਣਾ ਵੀ ਸ਼ਾਮਲ ਹੈ। ਉਨ੍ਹਾ ਇੰਗਲਿਸ਼ ਵੀਕ ਦੌਰਾਨ ਮਾਹਰ ਟੀਚਰਾਂ ਵੱਲੋਂ ਬੱਚਿਆਂ ਦੇ ਭਾਸ਼ਾ ਗਿਆਨ ਨੂੰ ਵਿਕਸਤ ਕਰਨ ਲਈ ਇੰਗਲਿਸ਼ ਵੀਕ ਦੀ ਸਫਲਤਾ 'ਤੇ ਵਧਾਈ ਦਿੱਤੀ।

ਬਲਵੀਰ ਸਿੰਘ ਟੈਕਨੀਕਲ ਸਰਵਿਸਿਜ਼ ਯੂਨੀਅਨ 'ਚ ਹੋਏ ਸ਼ਾਮਲ

ਮੱਖੂ (ਰਛਪਾਲ ਸਿੰਘ ਸੰਧੂ)-ਟੈਕਨੀਕਲ ਸਰਵਿਸਜ਼ ਯੂਨੀਅਨ ਦੀ ਹੋਈ ਮੀਟਿੰਗ ਬਾਰੇ ਪ੍ਰੈੱਸ ਨੋਟ ਜਾਰੀ ਕਰਦਿਆਂ ਯੂਨੀਅਨ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਕਿਹਾ ਕਿ ਮੀਟਿੰਗ ਦੌਰਾਨ ਮੈਂਬਰਾਂ ਵੱਲੋਂ ਅਹਿਮ ਮਸਲਿਆਂ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ। ਇਸ ਮੀਟਿੰਗ ਦੌਰਾਨ ਇੰਪਲਾਈਜ਼ ਫੈਡਰੇਸ਼ਨ ਸਬ ਡਵੀਜ਼ਨ ਮੱਖੂ ਦੇ ਪ੍ਰਧਾਨ ਬਲਵੀਰ ਸਿੰਘ ਇੰਪਲਾਈਜ਼ ਫੈਡਰੇਸ਼ਨ ਛੱਡ ਕੇ ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਪ੍ਰਧਾਨ ਸੁਖਵਿੰਦਰ ਸਿੰਘ, ਸੈਕਟਰੀ ਪ੍ਰਤਾਪ ਸਿੰਘ, ਸਹਾਇਕ ਸਕੱਤਰ ਜੀਵਨ ਸਿੰਘ, ਜਸਵੀਰ ਸਿੰਘ ਪੱਟੀ, ਡਵੀਜ਼ਨ ਪ੍ਰਧਾਨ ਸੁਖਦੇਵ ਸਿੰਘ ਲੋਹਕਾ, ਅਵਤਾਰ ਸਿੰਘ ਬਾਠ, ਬਚਿੱਤਰ ਸਿੰਘ ਦੀ ਅਗਵਾਈ ਹੇਠ ਟੈਕਨੀਕਲ ਸਰਵਿਸਜ਼ ਯੂਨੀਅਨ ਵਿੱਚ ਸ਼ਾਮਲ ਹੋਏ। ਇਸ ਮੌਕੇ ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਆਗੂਆਂ ਵੱਲੋਂ ਬਲਵੀਰ ਸਿੰਘ ਦਾ ਸਵਾਗਤ ਕੀਤਾ ਗਿਆ। ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਕਿਹਾ ਕਿ ਬਲਵੀਰ ਸਿੰਘ ਨੂੰ ਟੈਕਨੀਕਲ ਸਰਵਿਸਜ਼ ਯੂਨੀਅਨ ਵਿੱਚ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ।

ਜਸਪ੍ਰੀਤ ਨੇ ਐਥਲੈਟਿਕਸ 'ਚ ਜਿੱਤਿਆ ਸਿਲਵਰ ਮੈਡਲ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਯੂਨੀਵਰਸਟੀ ਕਾਲਜ ਬੇਨੜਾ ਦੀ ਬੀ ਏ ਭਾਗ ਦੂਜਾ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹਾਲ ਹੀ 'ਚ ਹੋਏ 59ਵੇਂ ਅੰਤਰ ਕਾਲਜ ਅਥਲੈਟਿਕਸ ਮੁਕਾਬਲਿਆਂ ਵਿੱਚ ਭਾਗ ਲਿਆ। ਸਰੀਰਕ ਸਿੱਖਿਆ ਵਿਭਾਗ ਦੇ ਅਧਿਆਪਕ ਡਾ. ਸੰਜੀਵ ਦੱਤਾ ਅਤੇ ਡਾ. ਚਮਕੌਰ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਕਾਲਜ ਦੀ ਇਸ ਵਿਦਿਆਰਥਣ ਨੇ ਹੈਪਟਾਥਲਾਨ ਮੁਕਾਬਲੇ ਵਿੱਚ ਯੂਨੀਵਰਸਿਟੀ ਵਿੱਚੋਂ ਦੂਸਰਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਹਾਸਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਬਾਲ ਕ੍ਰਿਸ਼ਨ ਅਤੇ ਵਿਭਾਗੀ ਅਧਿਆਪਕਾਂ ਵੱਲੋਂ ਕਾਲਜ ਵਿਖੇ ਵਿਦਿਆਰਥਣ ਨੂੰ ਕਾਲਜ ਅਤੇ ਮਾਪਿਆਂ ਦਾ ਨਾਂਅ ਰੋਸ਼ਨ ਕਰਨ 'ਤੇ ਮੁਬਾਰਕਬਾਦ ਦਿੱਤੀ ਅਤੇ ਉਸ ਨੂੰ ਸਨਮਾਨਤ ਕੀਤਾ ਗਿਆ।

ਜੀ ਐੱਚ ਜੀ ਦੀ ਖਿਡਾਰਨ ਨੇ ਪੰਜਾਬ 'ਚੋਂ ਜਿੱਤਿਆ ਗੋਲਡ

ਜਗਰਾਉਂ (ਅਮਿਤ ਖੰਨਾ)-ਸਥਾਨਕ ਜੀ ਐੱਚ ਜੀ ਅਕੈਡਮੀ ਦੀ ਖਿਡਾਰਨ ਵਨੀਤ ਕੌਰ ਨੇ ਸਟੇਟ ਪੱਧਰੀ ਖੇਡਾਂ 'ਚ ਲੁਧਿਆਣਾ ਜ਼ਿਲ੍ਹੇ ਦੀ ਪ੍ਰਤੀਨਿਧਤਾ ਕਰਦਿਆਂ ਗੋਲਡ ਮੈਡਲ ਜਿੱਤ ਕੇ ਸਕੂਲ ਤੇ ਸ਼ਹਿਰ ਦਾ ਨਾਮ ਰੌਸ਼ਨ ਕੀਤਾ। ਪ੍ਰਿੰਸੀਪਲ ਰਮਨਜੋਤ ਕੌਰ ਗਰੇਵਾਲ ਨੇ ਦੱਸਿਆ ਕਿ ਖਿਡਾਰਨ ਵਨੀਤ ਕੌਰ ਨੇ ਕਪੂਰਥਲਾ 'ਚ ਹੋਏ ਸੂਬਾ ਪੱਧਰੀ ਬਾਸਕਟਬਾਲ ਟੂਰਨਾਮੈਂਟ 'ਚ ਲੁਧਿਆਣਾ ਜ਼ਿਲ੍ਹੇ ਦੀ ਟੀਮ 'ਚ ਭਾਗ ਲਿਆ ਤੇ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਇਹ ਮੁਕਾਬਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਕਪੂਰਥਲਾ 'ਚ ਕਪੂਰਥਲਾ ਜ਼ਿਲ੍ਹੇ ਨਾਲ ਹੋਇਆ, ਜਿਸ 'ਚ ਲੁਧਿਆਣਾ ਦੀਆਂ 19 ਕੁੜੀਆਂ ਨੇ ਬਹੁਤ ਵਧੀਆ ਖੇਡ ਦਾ ਪ੍ਰਦਰਸ਼ਨ ਕਰਕੇ ਗੋਲਡ ਮੈਡਲ 'ਤੇ ਆਪਣਾ ਕਬਜ਼ਾ ਕੀਤਾ। ਪ੍ਰਿੰਸੀਪਲ ਰਮਨਜੋਤ ਕੌਰ ਗਰੇਵਾਲ ਨੇ ਵਿਦਿਆਰਥਣ ਵਨੀਤ ਕੌਰ ਤੇ ਸਕੂਲ ਦੇ ਡੀ ਪੀ ਅਧਿਆਪਕ ਸੁਖਮਿੰਦਰ ਸਿੰਘ ਨੂੰ ਵਧਾਈ ਦਿੱਤੀ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਸੰਗਰੂਰ ਵਿਖੇ ਮੀਟਿੰਗ

ਸੰਗਰੂਰ (ਪ੍ਰਵੀਨ ਸਿੰਘ)-ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਮੀਟਿੰਗ ਗਦਰ ਭਵਨ ਸੰਗਰੂਰ ਵਿਖੇ ਹੋਈ, ਜਿਸ ਵਿੱਚ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਜ਼ੋਨਲ ਪ੍ਰਧਾਨ ਮੁਕੇਸ਼ ਮਲੌਦ ਤੇ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ ਨੇ ਕਿਹਾ ਕਿ ਪੰਜਾਬ ਅੰਦਰ ਮੌਜੂਦ ਮੁਸ਼ਤਰਕਾ ਮਾਲਕਾਨ ਜ਼ਮੀਨਾਂ ਦੀ ਵੰਡ ਮਜ਼ਦੂਰਾਂ ਅਤੇ ਛੋਟੇ ਕਿਸਾਨਾਂ ਵਿੱਚ ਕੀਤੀ ਜਾਣੀ ਚਾਹੀਦੀ ਹੈ। ਸਾਡੇ ਸਮੇਂ ਵਿੱਚ ਜਿੱਥੇ ਸਰਕਾਰ ਵੱਲੋਂ ਇਹਨਾਂ ਜ਼ਮੀਨਾਂ ਨੂੰ ਮੁੜ ਆਪਣੇ ਅਧਿਕਾਰ ਖੇਤਰ ਵਿੱਚ ਲਿਆਂਦਾ ਜਾ ਰਿਹਾ ਹੈ, ਉੱਥੇ ਹੀ ਬਹੁਤ ਸਾਰੀਆਂ ਕਿਸਾਨ ਜਥੇਬੰਦੀਆਂ ਜਿਹਨਾਂ ਨੇ ਇਸ 'ਤੇ ਪ੍ਰਤੀਕਰਮ ਦਿੰਦੇ ਹੋਏ ਇਸ ਦੀ ਵੰਡ ਮੁੜ ਤੋਂ ਕਿਸਾਨਾਂ ਵਿੱਚ ਕਰਨ ਦੀ ਗੱਲ ਕਹੀ ਹੈ ਜੋ ਕਿ ਵਾਜਬ ਨਹੀਂ ਹੈ। ਜ਼ੋਨਲ ਆਗੂ ਪਰਮਜੀਤ ਕੌਰ ਲੌਂਗੋਵਾਲ ਅਤੇ ਗੁਰਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਇੱਕ ਖੇਤੀ ਅਧਾਰਤ ਸੂਬਾ ਹੈ ਪਰ ਇਸ ਵਿਚ ਜ਼ਮੀਨ ਦੀ ਵੰਡ ਅਜੇ ਵੀ ਵੱਡੇ ਪੱਧਰ ਉੱਪਰ ਕਾਣੀ ਹੈ। ਦੋ ਵਾਰ ਭੂਮੀ ਸੁਧਾਰ ਹੋਣ ਦੇ ਬਾਵਜੂਦ ਮਜ਼ਦੂਰਾਂ ਦੇ ਹੱਥ ਅਜੇ ਵੀ ਜ਼ਮੀਨ ਤੋਂ ਸੱਖਣੇ ਹਨ ਅਤੇ ਮਜ਼ਦੂਰ ਇਸ ਵਿੱਚ ਬਿਲਕੁਲ ਹਾਸ਼ੀਏ 'ਤੇ ਹਨ। ਕਾਰਪੋਰੇਟ ਪੱਖੀ ਮਾਡਲ ਅਤੇ ਅਖੌਤੀ ਹਰੇ ਇਨਕਲਾਬ ਤੋਂ ਬਾਅਦ ਛੋਟੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਹਾਲਤ ਹੋਰ ਵੀ ਮਾੜੀ ਹੋਈ ਹੈ। ਪੰਜਾਬ ਅੰਦਰ ਜ਼ਮੀਨ ਲੋਕਾਂ ਦੀ ਆਰਥਕਤਾ ਅਤੇ ਸਮਾਜਕਤਾ ਨਾਲ ਡੂੰਘੇ ਰੂਪ ਵਿੱਚ ਜੁੜਿਆ ਹੋਇਆ ਮੁੱਦਾ ਹੈ, ਇਸ ਲਈ ਪੰਜਾਬ ਦੇ ਮਜ਼ਦੂਰਾਂ ਨੂੰ ਆਰਥਕ ਅਤੇ ਸਮਾਜਕ ਪੱਖੋਂ ਉੱਚਾ ਚੁੱਕਣ ਲਈ ਮੌਜੂਦਾ ਸਮੇਂ ਵਿਚ ਮਜ਼ਦੂਰਾਂ ਅਤੇ ਛੋਟੇ ਕਿਸਾਨਾਂ 'ਚ ਜ਼ਮੀਨ ਦੀ ਵੰਡ ਹੋਣਾ ਲਾਜ਼ਮੀ ਹੈ। ਆਗੂਆਂ ਨੇ ਕਿਹਾ ਕਿ ਇਸ ਲੜੀ ਤਹਿਤ ਸਰਕਾਰ ਨੂੰ ਮੁਸ਼ਤਰਕਾ ਮਾਲਕਾਨਾ ਵੰਡ ਪਿੰਡਾਂ ਦੇ ਗਰੀਬ ਬੇਜ਼ਮੀਨੇ ਮਜ਼ਦੂਰਾਂ ਅਤੇ ਛੋਟੇ ਕਿਸਾਨਾਂ ਵਿੱਚ ਕਰਨੀ ਚਾਹੀਦੀ ਹੈ। ਇਸ ਮੌਕੇ ਧਰਮਵੀਰ ਹਰੀਗੜ੍ਹ, ਜਸਵੰਤ ਸਿੰਘ, ਜਗਤਾਰ ਸਿੰਘ ਤੋਲੇਵਾਲ ਹਾਜ਼ਰ ਸਨ।

ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਕਰਨ 'ਤੇ ਪਾਵਰਕਾਮ ਮੈਨੇਜਮੈਂਟ ਦੀ ਸਖਤ ਨਿੰਦਾ

ਪੀ.ਐੱਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਵੱਲੋਂ ਸੰਘਰਸ਼ ਦੀ ਚਿਤਾਵਨੀ

ਪਟਿਆਲਾ (ਨ ਜ਼ ਸ)-ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸਜ਼ ਯੂਨੀਅਨ, ਪੀ.ਐਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ, ਮਨਿਸਟਰੀਅਲ ਸਰਵਿਸਜ਼ ਯੂਨੀਅਨ, ਇੰਪਲਾਈਜ਼ ਫੈਡਰੇਸ਼ਨ (ਸੁਰਿੰਦਰ ਸਿੰਘ ਪਹਿਲਵਾਨ), ਥਰਮਲ ਇੰਪਲਾਈਜ਼ ਕੁਆਰਡੀਨੇਸ਼ਨ ਕਮੇਟੀ, ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ), ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਹੈਡ ਆਫਿਸ ਇੰਪਲਾਈਜ਼ ਫੈਡਰੇਸ਼ਨ, ਸਬ ਸਟੇਸ਼ਨ ਵੈੱਲਫੇਅਰ ਐਸੋਸੀਏਸ਼ਨ ਤੇ ਵਰਕਰਜ਼ ਫੈਡਰੇਸ਼ਨ (ਇੰਟਕ) 'ਤੇ ਆਧਾਰਤ ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਦੀ ਮੀਟਿੰਗ ਸਾਥੀ ਕੁਲਦੀਪ ਸਿੰਘ ਧੰਨਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਰਬ ਸਾਥੀ ਕਰਮਚੰਦ ਭਾਰਦਵਾਜ, ਰਤਨ ਸਿੰਘ, ਕੁਲਵਿੰਦਰ ਸਿੰਘ, ਬਲਵਿੰਦਰ

27-NOV-Page-11.qxd 11/26/2022 10:31 PM Page 1

ਭਖਦੀਆਂ ਮੰਗਾਂ ਨੂੰ ਲੈ ਕੇ ਆਸ਼ਾ ਵਰਕਰਾਂ ਮੁੱਖ ਮੰਤਰੀ ਦੇ ਨਾਂਅ ਸੌਂਪਿਆ ਮੰਗ ਪੱਤਰ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਆਸ਼ਾ ਵਰਕਰਾਂ ਤੇ ਫੈਸੀਲਿਟੇਟਰਜ਼ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਂਅ ਡੀਸੀ ਰਾਹੀਂ ਮੰਗ ਪੱਤਰ ਸੌਂਪਿਆ। ਇਸ ਮੌਕੇ ਜਿਲਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਕਿਸੇ ਵੀ ਕੰਮ ਕਰਨ ਵਾਲੇ ਕੰਮ ਨੂੰ ਤੈਅ ਕੀਤੀ ਗਈ ਘੱਟੋ-ਘੱਟ ਤਨਖਾਹ ਤੋਂ ਘੱਟ ਦੇ ਕੇ ਕੰਮ ਨਹੀਂ ਲਿਆ ਜਾ ਸਕਦਾ। ਵਰਕਰਾਂ ਨੂੰ ਜੋ ਇਨਸੈਂਟਿਵ ਦਿੱਤਾ ਜਾ ਰਿਹਾ ਹੈ ਉਸ ਨਾਲ ਤੈਅ ਕੀਤੀ ਗਈ ਤਨਖਾਹ ਨਹੀਂ ਬਣਦੀ। ਇਸ ਕਰਕੇ ਸਾਰੀ ਸਕੀਮ ਦੇ ਉੱਪਰ ਕੰਮ ਕਰ ਰਹੇ ਵਰਕਰਾਂ ਨੂੰ ਪੂਰੀ ਤਨਖਾਹ ਤੇ ਸਹੂਲਤਾਂ ਦੇਣ ਲਈ ਤੁਰੰਤ ਹੀ ਗੱਲਬਾਤ ਕਰਨ ਦੀ ਲੋੜ ਹੈ ਕਿਉਂਕਿ ਕਿਸੇ ਵੀ ਵਰਕਰ ਤੋਂ ਰੂਲਾਂ ਦੇ ਉਲਟ ਜਾ ਕੇ ਘੱਟ ਤਨਖਾਹ ਦੇ ਕੇ ਕੰਮ ਲੈਣਾ ਜੁਰਮ ਹੈ। ਆਸ਼ਾ ਵਰਕਜ਼ ਅਤੇ ਆਸ਼ਾ ਫੈਸੀਲਿਟੇਟਰਜ਼ ਤੇ ਨੈਸ਼ਨਲ ਰੂਰਲ ਹੈਲਥ ਮਿਸ਼ਨ ਤਹਿਤ ਆਸ਼ਾ ਵਰਕਰਜ਼ ਅਤੇ ਆਸ਼ਾ ਫੈਸੀਲਿਟੇਟਰਜ਼ ਬੜੀ ਇਮਾਨਦਾਰੀ ਨਾਲ ਆਪਣੀਆਂ ਸਿਹਤ ਸੇਵਾਵਾਂ ਨਿਭਾ ਰਹੀਆਂ ਹਨ ਅਤੇ 14 ਸਾਲ ਦੇ ਤਜਰਬੇ ਨੂੰ ਧਿਆਨ ਵਿੱਚ ਰੱਖਦਿਆਂ ਉਨਾਂ ਤੇ ਉਜਰਤ ਅਤੇ ਕਾਨੂੰਨ ਲਾਗੂ ਕੀਤਾ ਜਾਵੇ। ਘੱਟੋ-ਘੱਟ 26000 ਰੁਪਏ ਪ੍ਰਤੀ ਮਹੀਨਾ ਦੇ ਕਿ ਰੈਗੂਲਰ ਕੀਤਾ ਜਾਵੇ। ਆਸ਼ਾ ਵਰਕਰਜ਼ ਅਤੇ ਆਸ਼ਾ ਫੈਸੀਲਿਟੇਟਰਜ਼ ਨੂੰ ਆਮ ਆਦਮੀ ਪਾਰਟੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਚੋਣ ਵਾਅਦੇ ਤੁਰੰਤ ਪੂਰੇ ਕੀਤੇ ਜਾਣ।

ਸਰਬਜੀਤ ਕੌਰ ਨੇ ਕਿਹਾ ਕਿ ਆਸਾ ਵਰਕਰਜ਼ ਅਤੇ ਆਸ਼ਾ ਫੈਸੀਲਿਟੇਟਰਜ਼ ਦੀਆਂ ਮੰਨੀਆਂ ਹੋਈਆਂ ਮੰਗਾਂ ਅਨੁਸਾਰ 5 ਲੱਖ ਰੁਪੈ ਦਾ ਸਿਹਤ ਬੀਮਾ ਲਾਗੂ ਕੀਤਾ ਜਾਵੇ। ਮੰਨੀਆਂ ਹੋਈਆਂ ਮੰਗਾਂ ਅਨੁਸਾਰ ਛੇ ਮਹੀਨੇ ਦੀ ਪ੍ਰਸੂਤੀ ਛੁੱਟੀ ਲਾਗੂ ਕੀਤੀ ਜਾਵੇ, ਸਮਾਰਟ ਫੋਨ ਤੁਰੰਤ ਦਿੱਤੇ ਜਾਣ, ਟੂਰ ਅਤੇ ਮਨੀ ਭੱਤਾ ਦੁੱਗਣਾ ਕੀਤਾ ਜਾਵੇ। ਵਰਦੀ ਦਾ ਭੱਤਾ ਵਧਾ ਕੇ 1500 ਰੁਪੈ ਗਰਮੀ, ਸਰਦੀ ਦਾ ਲਾਗੂ ਕੀਤਾ ਜਾਵੇ। ਆਸ਼ਾ ਵਰਕਰਜ਼ ਵੱਲੋਂ ਜੋ ਗਰਭਵਤੀ ਹਾਈ ਰਿਸਕ ਔਰਤਾਂ ਦੇ ਤਿੰਨ ਚੈਕਅੱਪ ਅਤੇ ਡਾਕਟਰ ਕੋਲ ਲੈ ਕੇ ਜਾਣ ਸਮੇਂ ਟਰਾਂਸਫਰ ਮਨੀ ਤਿੰਨ ਵਿਜਟ 600 ਰੁਪਏ ਦੇਣਾ ਯਕੀਨੀ ਬਣਾਇਆ ਜਾਵੇ। ਸੇਵਾ ਮੁਕਤ ਹੋਣ ਤੋਂ ਬਾਅਦ ਸੇਵਾ ਦੌਰਾਨ ਪਹਿਲੀ ਮਿਲਣ ਵਾਲੀ ਤਨਖਾਹ ਤੋਂ ਅੱਧੀ ਪੈਨਸ਼ਨ ਲਾਗੂ ਕੀਤੀ ਜਾਵੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ, ਜਨਰਲ ਸਕੱਤਰ ਸੀਮਾ ਸੋਹਲ, ਸੈਕਟਰੀ ਵੀਰਪਾਲ ਕੌਰ, ਮੀਤ ਪ੍ਰਧਾਨ ਸਰਬਜੀਤ ਕੌਰ, ਬਲਾਕ ਪ੍ਰਧਾਨ ਹਰਜੀਤ ਕੌਰ, ਰਾਜਵਿੰਦਰ ਕੌਰ ਖਜਾਨਚੀ, ਜਸਬੀਰ ਕੌਰ ਚੇਅਰਪਰਸਨ, ਬਲਜੀਤ ਕੌਰ ਸਲਾਹਕਾਰ, ਗੁਰਜਿੰਦਰ ਕੌਰ ਸੁਪਰਵਾਈਜ਼ਰ, ਅਮਨ ਮੁੱਖ ਸਲਾਹਕਾਰ, ਰਣਜੀਤ ਕੌਰ ਸਕੱਤਰ ਆਦਿ ਆਸ਼ਾ ਵਰਕਰਾਂ ਹਾਜ਼ਰ ਸਨ।

ਨੈਸ਼ਨਲ ਕਰਾਟੇ ਚੈਂਪੀਅਨਸ਼ਿਪ 'ਚ ਸੋਨ ਤਮਗਾ ਜਿੱਤਿਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਦੇ ਵਿਦਿਆਰਥੀਆਂ ਸਚਲੀਨ ਕੌਰ, ਰਾਣਾ ਰਨਵੀਰ ਸਿੰਘ ਨੇ 'ਨੈਸ਼ਨਲ ਕਰਾਟੇ ਚੈਂਪੀਅਨਸ਼ਿਪ' 'ਚ ਸੋਨ ਤਮਗਾ ਜਿੱਤ ਕੇ ਮਾਤਾ-ਪਿਤਾ ਅਤੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਨਿਰਮਲਜੀਤ ਕੌਰ ਗਿੱਲ ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਭੇਟ ਕਰਦਿਆਂ ਦੱਸਿਆ ਕਿ 2 ਰੋਜ਼ਾ ਚੱਲੇ ਫਸਵੇਂ ਮੁਕਾਬਲੇ 'ਚ ਉਕਤ ਵਿਦਿਆਰਥੀਆਂ ਨੇ ਹਿੰਮਤ ਅਤੇ ਦਲੇਰੀ ਦਾ ਪ੍ਰਦਰਸ਼ਨ ਕਰਦੇ ਹੋਏ ਸੋਨੇ ਦੇ ਤਮਗੇ ਹਾਸਲ ਕੀਤੇ ਹਨ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਿਆਂ ਭਵਿੱਖ 'ਚ ਵੀ ਉੱਚਾਈਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

ਭਾਈ ਵੀਰ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਭਾਸ਼ਣ ਤੇ ਕਾਵਿ ਉਚਾਰਨ ਮੁਕਾਬਲੇ ਕਰਵਾਏ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀ. ਸੈ. ਪਬਲਿਕ ਸਕੂਲ ਜੀ. ਟੀ. ਰੋਡ ਵਿਖੇ ਪੰਜਾਬੀ ਸਾਹਿਤ ਦੇ ਪਿਤਾਮਾ ਭਾਈ ਵੀਰ ਸਿੰਘ ਦੇ 150ਵੇਂ ਜਨਮ ਦਿਨ ਨੂੰ ਸਮਰਪਿਤ ਸਕੂਲ ਦੇ ਸੀਨੀਅਰ ਵਿੰਗ ਵੱਲੋਂ ਡਾਇਰੈਕਟਰ/ਪ੍ਰਿੰਸੀਪਲ ਡਾ. ਧਰਮਵੀਰ ਸਿੰਘ ਦੀ ਅਗਵਾਈ ਅਤੇ ਮੁੱਖ ਅਧਿਆਪਕਾ ਕੰਵਲਪ੍ਰੀਤ ਕੌਰ ਦੀ ਦੇਖ-ਰੇਖ ਹੇਠ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਜਿਸ ਵਿੱਚ ਨੌਵੀਂ ਜਮਾਤ ਦੇ ਭਾਸ਼ਣ ਅਤੇ ਅੱਠਵੀਂ ਜਮਾਤ ਦੇ ਕਾਵਿ ਉਚਾਰਨ ਅਤੇ ਭਾਈ ਸਾਹਿਬ ਦੀਆਂ ਕਵਿਤਾਵਾਂ ਦੇ 'ਸੁੰਦਰ ਲਿਖਣ' ਮੁਕਾਬਲੇ ਕਰਵਾਏ ਗਏ ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਨੇ ਭਾਈ ਸਾਹਿਬ ਦੇ ਜੀਵਨ, ਉਨ੍ਹਾਂ ਦੀ ਪੰਜਾਬੀ ਸਾਹਿਤ ਅਤੇ ਚੀਫ਼ ਖਾਲਸਾ ਦੀਵਾਨ ਨੂੰ ਦੇਣ ਬਾਰੇ ਬੜੇ ਵਿਸਥਾਰ ਨਾਲ ਭਾਸ਼ਣ ਰਾਹੀਂ ਪੇਸ਼ ਕੀਤਾ ਅਤੇ ਉਨ੍ਹਾਂ ਦੁਆਰਾ ਰਚਿਤ ਕਵਿਤਾਵਾਂ ਲੈਅ ਵਿੱਚ ਉਚਾਰਨ ਕੀਤੀਆਂ। ਪ੍ਰਿੰਸੀਪਲ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਭਾਈ ਸਾਹਿਬ ਦੇਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੁਆਰਾ ਰਚਿਤ ਸਾਹਿਤ ਪੜ੍ਹਨ ਲਈ ਅਤੇ ਇੱਕ-ਦੂਜੇ ਨੂੰ ਤੋਹਫ਼ੇ ਦੇ ਰੂਪ ਵਿੱਚ ਕਿਤਾਬਾਂ ਭੇਟ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਕਿਹਾ ਇਸ ਸਾਲ ਭਾਈ ਵੀਰ ਸਿੰਘ ਜੀ ਦੇ 150ਵੇਂ ਜਨਮ ਦਿਨ ਨੂੰ ਸਮਰਪਿਤ ਵਧੀਆ ਲਿਖਣ ਅਤੇ ਬੋਲਣ ਵਾਲੇ ਪੰਜ ਵਿਦਿਆਰਥੀਆਂ ਨੂੰ ਭਾਈ ਵੀਰ ਸਿੰਘ ਜੀ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਸਕੂਲ ਪ੍ਰਬੰਧਕੀ ਕਮੇਟੀ ਵੱਲੋਂ ਜੱਜ ਦੀ ਭੂਮਿਕਾ ਧਾਰਮਿਕ ਅਧਿਆਪਕ ਸੁਖਜੀਤ ਕੌਰ ਅਤੇ ਜਸਪਾਲ ਸਿੰਘ ਨੇ ਬਾਖੂਬੀ ਨਿਭਾਈ। ਇਨ੍ਹਾਂ ਮੁਕਾਬਲਿਆਂ ਵਿੱਚ ਨੌਵੀਂ ਜਮਾਤ ਦੇ ਭਾਸ਼ਣ ਮੁਕਾਬਲਿਆਂ ਵਿੱਚ ਗੁਰਤੇਸ਼ਵਰ ਸਿੰਘ ਨੇ ਪਹਿਲਾ, ਪ੍ਰਤਿਸ਼ਠਾ ਨੇ ਦੂਸਰਾ, ਮੁਸਕਾਨਦੀਪ ਕੌਰ ਅਤੇ ਗੁਰਲੀਨ ਕੌਰ ਨੇ ਤੀਸਰਾ ਅਤੇ ਜਸਲੀਨ ਕੌਰ ਨੇ ਹੌਸਲਾ ਅਫ਼ਜ਼ਾਈ ਸਥਾਨ ਹਾਸਿਲ ਕੀਤਾ ਅਤੇ ਅੱਠਵੀਂ ਜਮਾਤ ਦੇ ਕਵਿਤਾ ਮੁਕਾਬਲਿਆਂ ਵਿੱਚ ਇਸ਼ਨੂਰ ਔਲਖ ਨੇ ਪਹਿਲਾ, ਗੁਰਲੀਨ ਨੇ ਦੂਸਰਾ, ਕੰਨੂਪ੍ਰੀਤ ਕੌਰ ਨੇ ਤੀਸਰਾ, ਗੁਰਤੇਜ ਸਿੰਘ ਅਤੇ ਜਸਕੀਰਤ ਸਿੰਘ ਨੇ ਹੌਸਲਾਂ ਅਫ਼ਜਾਈ ਸਥਾਨ ਹਾਸਿਲ ਕੀਤਾ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀ ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ ਰਾਜ-ਪੱਧਰੀ ਕਹਾਣੀ ਲਿਖਣ ਮੁਕਾਬਲੇ ਵਿੱਚ ਪਰਨਾਜ ਕੌਰ ਨੇ ਦੂਜਾ ਅਤੇ ਰਾਜ-ਪੱਧਰੀ ਕੁਇਜ਼ ਵਿੱਚ ਅੱਠਵੀਂ ਦੇ ਵਿਦਿਆਰਥੀ ਨਿਰਮਾਣ ਸਿੰਘ ਵਿਦਿਆਰਥੀ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਅਧਿਆਪਕ ਅਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਧਾਲੀਵਾਲ ਵੱਲੋਂ ਸਹਿਕਾਰੀ ਖੰਡ ਮਿੱਲ ਪਨਿਆੜ ਵਿਖੇ ਪਿੜਾਈ ਦੇ ਸੀਜ਼ਨ ਦੀ ਸ਼ੁਰੂਆਤ

ਗੁਰਦਾਸਪੁਰ, ਦੀਨਾਨਗਰ, ਧਾਰੀਵਾਲ (ਬਲਵਿੰਦਰ ਸਿੰਘ ਬਿੱਲਾ, ਮਨਦੀਪ ਵਿੱਕੀ)-ਸੂਬੇ ਦੇ ਖੇਤੀਬਾੜੀ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅੱਜ ਸਹਿਕਾਰੀ ਖੰਡ ਮਿੱਲ ਪਨਿਆੜ (ਗੁਰਦਾਸਪੁਰ) ਦੇ 43ਵੇਂ ਪਿੜਾਈ ਸੀਜ਼ਨ ਦਾ ਸ਼ੁਭ ਆਰੰਭ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਸ਼ੂਗਰਫੈੱਡ ਦੇ ਚੇਅਰਮੈਨ ਨਵਦੀਪ ਸਿੰਘ ਜੀਦਾ, ਦੀਨਾਨਗਰ ਤੋਂ ਉੱਘੇ ਜਨਤਕ ਆਗੂ ਸ਼ਮਸ਼ੇਰ ਸਿੰਘ, ਐੱਸ. ਡੀ. ਐੱਮ. ਗੁਰਦਾਸਪੁਰ ਅਮਨਦੀਪ ਕੌਰ, ਸ਼ੂਗਰ ਮਿੱਲ ਦੇ ਜੀ. ਐੱਮ. ਪਵਨ ਕੁਮਾਰ ਭੱਲਾ, ਡੀ. ਡੀ. ਪੀ. ਓ. ਸੰਦੀਪ ਮਲਹੋਤਰਾ, ਇੰਜੀਨੀਅਰ-ਕਮ-ਪ੍ਰਚੇਜ਼ ਅਫਸਰ ਸੰਦੀਪ ਸਿੰਘ, ਆਈ. ਪੀ. ਐੱਸ. ਭਾਟੀਆ ਚੀਫ ਕੈਮਿਸਟ, ਕੁਲਦੀਪ ਸਿੰਘ ਡਿਪਟੀ ਚੀਫ ਇੰਜੀਨੀਅਰ, ਐੱਸ. ਕੇ. ਮਲਹੋਤਰਾ ਡਿਪਟੀ ਚੀਫ ਅਕਾਊਂਟਸ ਅਫਸਰ, ਚਰਨਜੀਤ ਸਿੰਘ, ਸੁਪਰਡੈਂਟ, ਰਾਜ ਕਮਲ ਮੁੱਖ ਗੰਨਾ ਵਿਕਾਸ ਅਫਸਰ, ਸਮੂਹ ਫੀਲਡ ਸਟਾਫ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ। ਇਸ ਮੌਕੇ ਧਾਲੀਵਾਲ ਨੇ ਕਹਾ ਕਿ ਪੰਜਾਬ ਸਰਕਾਰ ਵੱਲੋਂ ਕਰੀਬ 402 ਕਰੋੜ ਰੁਪਏ ਖਰਚ ਕਰਕੇ ਸਹਿਕਾਰੀ ਮਿੱਲ ਗੁਰਦਾਸਪੁਰ ਦੀ ਸਮਰੱਥਾ ਵਧਾ ਕੇ 5000 ਟੀ. ਸੀ. ਡੀ. ਕੀਤੀ ਜਾ ਰਹੀ ਹੈ ਅਤੇ ਅਪ੍ਰੈਲ 2023 ਤੱਕ ਇਹ ਪ੍ਰੋਜੈਕਟ ਮੁਕੰਮਲ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਮਿੱਲ ਵਿਖੇ 250 ਕਰੋੜ ਰੁਪਏ ਦੀ ਲਾਗਤ ਨਾਲ ਇੱਕ 120 ਕੇ. ਐੱਲ. ਪੀ. ਡੀ. ਈਥਾਨੋਲ ਪਲਾਂਟ ਵੀ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਲਗਣ 'ਤੇ ਗੰਨਾ ਕਾਸ਼ਤਕਾਰਾਂ ਨੂੰ ਬਾਹਰਲੀਆਂ ਮਿੱਲਾਂ ਵਿੱਚ ਸਪਲਾਈ ਕੀਤੇ ਜਾ ਰਹੇ ਗੰਨੇ ਦੀ ਢੋਆ-ਢੁਆਈ 'ਤੇ ਖਰਚੇ ਜਾ ਰਹੇ 15-20 ਕਰੋੜ ਰੁਪਏ ਦੀ ਬੱਚਤ ਵੱਖਰੀ ਹੋਵੇਗੀ। ਇਸ ਮੌਕੇ ਕੈਬਨਿਟ ਮੰਤਰੀ ਨੇ ਮਿੱਲ ਵਿੱਚ ਗੰਨਾ ਲੈ ਕੇ ਆਏ ਪਹਿਲੇ 5 ਕਿਸਾਨਾਂ ਨੂੰ ਸਨਮਾਨਤ ਵੀ ਕੀਤਾ।

ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ 'ਚ ਸ਼ਹੀਦੀ ਦਿਹਾੜਾ ਮਨਾਇਆ

ਸਰਾਏ ਅਮਾਨਤ ਖਾਂ (ਮੱਖਣ ਮਨੋਜ) ਇਲਾਕੇ ਦੀ ਨਾਮਵਰ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝਬਾਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥੀਆਂ ਨੇ ਸ਼ਬਦ ਗਾਇਨ ਰਾਹੀਂ ਕੀਤੀ। ਇਸ ਸਮੇਂ ਵਿਦਿਆਰਥੀਆਂ ਵੱਲੋਂ ਗੁਰੂ ਜੀ ਦੇ ਜੀਵਨ ਨਾਲ ਸੰਬੰਧਤ ਕਵਿਤਾਵਾਂ, ਕਵੀਸ਼ਰੀ, ਧਾਰਮਿਕ ਲੈਕਚਰ ਪੇਸ਼ ਕੀਤੇ ਗਏ। ਸਕੂਲ ਪ੍ਰਿੰਸੀਪਲ ਪਰਮਜੀਤ ਸਿੰਘ ਸੋਹਲ ਵੱਲੋਂ ਗੁਰੂ ਜੀ ਦੀ ਜੀਵਨੀ ਅਤੇ ਲਾਸਾਨੀ ਸ਼ਹਾਦਤ ਬਾਰੇ ਵਿਦਿਆਰਥੀਆਂ ਨੂੰ ਦੱਸਿਆ ਗਿਆ। ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਅਮਨਦੀਪ ਕੌਰ ਨੇ ਬਾਖੂਬੀ ਨਿਭਾਈ। ਇਸ ਸਮੇਂ ਸਕੂਲ ਦੇ ਅਧਿਆਪਕਾਂ ਵੱਲੋਂ ਪੜ੍ਹੀਆਂ ਵਿਰਾਗਮਈ ਕਵਿਤਾਵਾਂ ਨੇ ਸਾਰਿਆਂ ਦੀਆਂ ਅੱਖਾਂ ਨਮ ਕਰ ਦਿੱਤੀਆਂ । ਇਸ ਸਮੇਂ ਕਮੇਟੀ ਸੱਕਤਰ ਹਰਜਿੰਦਰਪਾਲ ਸਿੰਘ ਢਿੱਲੋਂ, ਮੈਨੇਜਰ ਸਿਮਰਤਪਾਲ ਸਿੰਘ ਸੋਹਲ, ਕਲਰਕ ਬਲਵਿੰਦਰ ਸਿੰਘ, ਰਵਿੰਦਰਜੀਤ ਸਿੰਘ, ਵਿਜੈ ਕੁਮਾਰ, ਅਮਰਜੀਤ ਕੌਰ, ਮਨਦੀਪ ਕੌਰ, ਰਜਨੀ ਬਾਲਾ , ਰਾਜਵਿੰਦਰ ਕੌਰ, ਗੁਰਜੀਤ ਕੌਰ, ਮਨਦੀਪ ਕੌਰ, ਕਿਰਨਜੋਤ, ਜਸਮੀਤ ਕੌਰ, ਲਖਬੀਰ ਕੌਰ, ਵਰਿੰਦਰ ਕੌਰ, ਰਣਜੀਤ ਕੌਰ, ਗੁਰਵਿੰਦਰ ਕੌਰ, ਮਨਬੀਰ ਕੌਰ, ਕਰਮਜੀਤ ਕੌਰ, ਅਮਨਦੀਪ ਕੌਰ, ਆਦਿ ਸ਼ਾਮਲ ਹੋਏ।

ਪੰਜਾਬ ਸਰਕਾਰ ਨੇ ਪੁਲਸ ਦਾ ਰਾਜਨੀਤੀਕਰਨ ਕਰ ਦਿੱਤੈ : ਬਖਤਪੁਰਾ

ਬਟਾਲਾ (ਤਰਲੋਕ ਬੱਗਾ)-ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਨੇ ਪਾਰਟੀ ਔਰਤ ਵਿੰਗ ਦੀ ਮੀਟਿੰਗ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਭਗਵੰਤ ਮਾਨ ਸਰਕਾਰ ਔਰਤਾਂ ਨੂੰ 1000 ਰੁਪਏ ਮਹੀਨਾ ਸਹਾਇਤਾ ਦੇਣ ਦੀ ਆਪਣੀ ਗਰੰਟੀ ਪੂਰੀ ਕਰੇ। ਮੀਟਿੰਗ ਵਿੱਚ ਬੋਲਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਇੱਕ ਅੱਧੀ ਗਰੰਟੀ ਪੂਰੀ ਕਰਨ ਤੋਂ ਅੱਗੇ ਸਰਕਾਰ ਮੂੰਹ ਨਹੀਂ ਖੋਲ੍ਹ ਰਹੀ। ਪੰਜਾਬ ਵਿੱਚ ਚਲ ਰਿਹਾ ਨਸ਼ਿਆਂ ਦਾ ਦਰਿਆ, ਭ੍ਰਿਸ਼ਟਾਚਾਰ ਅਤੇ ਰੇਤੇ ਦੀ ਬਲੈਕ ਉਪਰ ਸਰਕਾਰ ਪੂਰਨ ਚੁੱਪ ਧਾਰੀ ਬੈਠੀ ਹੈ, ਜਦੋਂਕਿ ਲੋਕ ਮਰ ਰਹੇ ਅਤੇ ਦੋਨੋਂ ਹੱਥੀਂ ਲੁਟੇ ਜਾ ਰਹੇ ਹਨ। ਸਰਕਾਰ ਨੇ ਕਿਸਾਨਾਂ ਨੂੰ ਅਜੇ ਤੱਕ ਨਰਮੇ ਅਤੇ ਝੋਨੇ ਦੇ ਖਰਾਬੇ ਅਤੇ ਬੀਮਾਰੀ ਨਾਲ ਮਰੇ ਪਸ਼ੂਆਂ ਦਾ ਕੋਈ ਮੁਆਵਜ਼ਾ ਨਹੀਂ ਦਿੱਤਾ। ਦੂਸਰੇ ਪਾਸੇ ਆਮ ਆਦਮੀ ਦੀ ਸਰਕਾਰ ਵਲੋਂ ਹਰ ਰੋਜ਼ ਇਸ਼ਤਿਹਾਰਾਂ ਉਪਰ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ, ਪਿਛਲੀਆਂ ਸਰਕਾਰਾਂ ਤੋਂ ਵੀ ਵਧੇਰੇ ਮੁੱਖ ਮੰਤਰੀ, ਉਸਦੇ ਪਰਿਵਾਰ, ਮੰਤਰੀਆਂ, ਐੱਮਐੱਲਏਜ਼ ਅਤੇ ਚੇਅਰਮੈਨਾਂ ਆਦਿ ਦੀ ਸੁਰੱਖਿਆ ਉਪਰ ਖਰਚ ਕੀਤਾ ਜਾ ਰਿਹਾ ਹੈ, ਨਵਾਂ ਭਾਰੀ ਕੀਮਤ ਵਾਲਾਂ ਜਹਾਜ਼ ਕਿਰਾਏ ਤੇ ਲਿਆ ਜਾ ਰਿਹਾ ਹੈ। ਬੱਖਤਪੁਰਾ ਨੇ ਹੋਰ ਦੋਸ਼ ਲਾਉਂਦਿਆਂ ਕਿਹਾ ਕਿ ਇਸ ਸਰਕਾਰ ਨੇ ਵੀ ਪ੍ਰਸ਼ਾਸਨ ਖਾਸਕਰ ਪੁਲਸ ਦਾ ਰਾਜਨੀਤੀਕਰਨ ਕਰ ਦਿੱਤਾ ਹੈ, ਪੁਲਸ ਨੂੰ ਕਨੂੰਨ ਅਨੁਸਾਰ ਕੰਮ ਕਰਨ ਦੇਣ ਦੀ ਬਜਾਏ ਹਲਕਾ ਇੰਚਾਰਜ, ਮੰਤਰੀ ਅਤੇ ਐੱਮਐੱਲਏਜ਼ ਆਪਣੇ ਅਨੁਸਾਰ ਚਲਾ ਰਹੇ ਹਨ ਜਿਸ ਕਾਰਨ ਪੁਲਸ ਦਾ ਜਨਤਾ ਨਾਲ ਵਿਵਹਾਰ ਆਕੜ ਖਾਂਵਾ ਵਰਗਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਕਾਲੀ ਭਾਜਪਾ ਅਤੇ ਕਾਂਗਰਸ ਦੇ ਰਾਜ ਖੁੱਸਣ ਦਾ ਵੱਡਾ ਕਾਰਨ ਪੁਲਸ ਦੇ ਰਾਜਸੀਕਰਨ ਰਾਹੀਂ ਲੋਕਾਂ ਨਾਲ ਬੇਇਨਸਾਫੀ ਕਰਨਾ ਸੀ। ਉਨ੍ਹਾਂ

27-Nov Page 12.qxd 11/26/2022 10:38 PM Page 1

ਮ੍ਰਿਤਕ ਲੜਕੀ ਦੇ ਕਾਤਲਾਂ ਦੀ ਗ੍ਰਿਫ਼ਤਾਰੀ ਲਈ ਦਿੱਤਾ ਡੀ ਐੱਸ ਪੀ ਦਫਤਰ ਧਰਨਾ

ਫਿਲੌਰ (ਨਿਰਮਲ)- ਥਾਣਾ ਗੁਰਾਇਆ ਦੇ ਅਧੀਨ ਪੈਂਦੇ ਪਿੰਡ ਬੀੜ ਬਾਂਸੀਆ ਦੇ ਲੋਕਾਂ ਵਲੋਂ ਡੀ.ਐਸ.ਪੀ ਦਫਤਰ ਫਿਲੌਰ ਵਿਖੇ ਧਰਨਾ ਦਿੱਤਾ ਗਿਆ। ਮੌਕੇ 'ਤੇ ਮੌਜੂਦ ਲੜਕੀ ਦੇ ਮਾਤਾ ਪਿਤਾ ਤੇ ਸਮੂਹ ਪੰਚਾਇਤ ਨੇ ਦਸਿਆ ਕਿ ਲੜਕੀ ਰਾਜਵੀਰ ਕੌਰ ਦਾ ਵਿਆਹ ਦਲਜੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਪਿੰਡ ਗੁੜੇ ਨਾਲ ਹੋਇਆ ਸੀ। ਜਿਸ ਤੋਂ ਬਾਅਦ ਮਿਤੀ 14/9/22 ਨੂੰ ਖਬਰ ਮਿਲਦੀ ਹੈ ਕਿ ਰਾਜਵੀਰ ਕੌਰ ਨੇ ਪੱਖੇ ਨਾਲ ਲਟਕ ਕੇ ਫਾਹਾ ਲੈ ਲਿਆ ਤੇ ਜਿਸ ਦੀ ਲਾਸ਼ ਵੀ ਪੱਖੇ ਨਾਲ ਲਟਕਦੀ ਮਿਲੀ। ਸੁਹਰੇ ਪਰਿਵਾਰ ਵਲੋਂ ਆਤਮ ਹੱਤਿਆ ਦਾ ਰੂਪ ਦਿੱਤਾ ਗਿਆ ਅਤੇ ਲੜਕੀ ਦਾ ਸਸਕਾਰ ਬਿਨਾਂ ਪੋਸਟਮਾਰਟਮ ਕਰਵਾਏ ਕਰ ਦਿੱਤਾ। ਇਸ ਮਾਮਲੇ ਸਬੰਧੀ ਲੜਕੀ ਦੇ ਪਰਿਵਾਰ ਕੋਲ ਇੱਕ ਵੀਡੀਓ ਆ ਗਈ ਜਿਸ ਵਿੱਚ ਸਾਫ ਦਿਖਾਈ ਦੇ ਰਿਹਾ ਹੈ ਕਿ ਕਿਸ ਤਰ੍ਹਾਂ ਲੜਕੀ ਦੀ ਸਹੁਰੇ ਪਰਿਵਾਰ ਵਲੋਂ ਖਿੱਚ ਧੂਹ ਕੀਤੀ ਜਾ ਰਹੀ ਹੈ। ਜਿਸ ਤੋਂ ਬਾਅਦ ਲੜਕੀ ਪਰਿਵਾਰ ਨੇ ਇਨਸਾਫ ਲੈਣ ਲਈ ਪਹਿਲਾ ਵੀ ਧਰਨੇ ਦਿੱਤੇ। ਧਰਨੇ 'ਤੇ ਪਹੁੰਚੇ ਡੀ.ਐਸ.ਪੀ ਫਿਲੌਰ ਜਗਦੀਸ਼ ਰਾਜ ਨੇ ਧਰਨਾਕਾਰੀਆਂ ਕੋਲੋਂ 8 ਦਿਨਾਂ ਦਾ ਸਮਾਂ ਲਿਆ ਅਤੇ ਕਿਹਾ ਕਿ ਆਰੋਪੀਆਂ ਨੂੰ ਕਾਬੂ ਕੀਤੇ ਜਾਵੇਗਾ ਅਤੇ ਪਰਿਵਾਰ ਦੀ ਮੰਗ ਅਨੁਸਾਰ ਇਹ ਕੇਸ ਥਾਣਾ ਗੁਰਾਇਆ ਦੇ ਐਸ ਐਚ ਓ ਹਰਜਿੰਦਰ ਸਿੰਘ ਤੋਂ ਲੈ ਕੇ ਥਾਣਾ ਫਿਲੌਰ ਦੇ ਐਸ ਐਚ ਓ ਸੁਰਿੰਦਰ ਕੁਮਾਰ ਨੂੰ ਦਿੱਤਾ ਗਿਆ। ਪਰਿਵਾਰ ਨੇ ਸ਼ਰਤ ਰੱਖੀ ਅਗਰ ਮਿੱਥੇ ਸਮੇ ਤੱਕ ਸਾਰੇ ਆਰੋਪੀ ਗ੍ਰਿਫਤਾਰ ਨਾ ਕੀਤੇ ਤਾਂ ਉਹ ਮੁੜ 2 ਦਸੰਬਰ ਨੂੰ ਧਰਨਾ ਪ੍ਰਦਰਸ਼ਨ ਕਰਨਗੇ। ਮ੍ਰਿਤਕ ਦੀ ਮਾਤਾ ਤੇ ਪਿਤਾ ਨੇ ਦਸਿਆ ਕਿ ਉਹਨਾਂ ਦੀ ਲੜਕੀ ਨੂੰ ਸੁਹਰੇ ਪਰਿਵਾਰ ਨੇ ਮਾਰ ਮੁਕਾਇਆ ਹੈ। ਉਹ ਇਨਸਾਫ ਲਈ ਧਰਨੇ ਪ੍ਰਦਰਸ਼ਨ ਕਰ ਰਹੇ ਹਨ। ਗੁਰਾਇਆ ਪੁਲਸ ਨੇ ਉਹਨਾਂ ਨੂੰ 2 ਮਹੀਨੇ ਤੱਕ ਗੁਮਰਾਹ ਕਰ ਰੱਖਿਆ। ਜਦ ਕਿ ਡੀ.ਐਸ.ਪੀ ਫਿਲੌਰ ਵਲੋਂ 302 ਦਾ ਮਾਲਾ ਦਰਜ ਕਰਕੇ ਆਰੋਪੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

ਵਧ ਰਹੇ ਸੜਕ ਹਾਦਸੇ ਵਿਸ਼ਵ ਭਰ ਲਈ ਸਮੱਸਿਆ : ਮਨਿੰਦਰਪਾਲ ਸਿੰਘ

ਜਲੰਧਰ (ਸ਼ੈਲੀ ਐਲਬਰਟ)- ਵੱਧ ਰਹੇ ਸੜਕ ਹਾਦਸੇ ਅੱਜ ਸਾਡੇ ਦੇਸ਼ ਦੇ ਹੀ ਨਹੀਂ ਬਲਕਿ ਵਿਸ਼ਵ ਭਰ ਲਈ ਸਮੱਸਿਆ ਬਣੇ ਹੋਏ ਹਨ। ਕਿਸੇ ਇੱਕ ਵੱਲੋਂ ਵੀ ਟ੍ਰੈਫ਼ਿਕ ਨਿਯਮਾਂ ਵਿਚ ਵਰਤੀ ਜਾਂਦੀ ਕੋਤਾਹੀ ਅਨੇਕਾਂ ਜਾਨਾਂ 'ਤੇ ਭਾਰੂ ਪੈ ਸਕਦੀ ਹੈ! ਸੜਕ ਸੁਰੱਖਿਆ ਹਿੱਤ ਇਹ ਵਿਸ਼ਾ ਹੁਣ ਬਹੁਤ ਗੰਭੀਰ ਹੈ, ਸਮੇਂ ਦੀ ਮੰਗ ਹੈ ਕਿ ਅਸੀਂ ਜ਼ਿੰਮੇਦਾਰ ਬਣੀਏ, ਨਿਯਮਾਂ ਦਾ ਪਾਲਣ ਆਪ ਵੀ ਕਰੀਏ ਤੇ ਦੂਜਿਆਂ ਨੂੰ ਵੀ ਗੰਭੀਰਤਾ ਸਮਝਾਈਏ । ਇਹ ਪ੍ਰੇਰਨਾਦਾਇਕ ਵਿਚਾਰ ਪੀ.ਪੀ.ਐਸ ਪੁਲਿਸ ਅਫ਼ਸਰ ਮਨਿੰਦਰਪਾਲ ਸਿੰਘ ਦੇ ਹਨ! ਉਹ ਜ਼ਿਲ੍ਹਾ ਕਪੂਰਥਲਾ ਪੁਲਿਸ ਵਿਚ ਡੀ.ਐਸ.ਪੀ ਵੱਜੋਂ ਤਾਇਨਾਤ ਹਨ । ਮਨਿੰਦਰਪਾਲ ਸਿੰਘ ਸ਼ੁੱਕਰਵਾਰ ਨੂੰ ਆਈ.ਕੇ.ਗੁਜ਼ਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ ਪੀ.ਟੀ.ਯੂ) ਵਿਚ ਆਯੋਜਿਤ ਟ੍ਰੈਫਿਕ ਨਿਯਮਾਂ ਦੀ ਜਾਗਰੂਕਤਾ ਸਬੰਧੀ ਸੈਮੀਨਾਰ ਨੂੰ ਬਤੌਰ ਮੁੱਖ ਮਹਿਮਾਨ ਸੰਬੋਧਨ ਕਰ ਰਹੇ ਸਨ। ਆਈ.ਕੇ.ਜੀ.ਪੀ.ਟੀ.ਯੂ ਦੇ ਮੈਨੇਜਮੈਂਟ ਡਿਪਾਰਟਮੈਂਟ ਅਤੇ ਜ਼ਿਲ੍ਹਾ ਕਪੂਰਥਲਾ ਪੁਲਿਸ ਵੱਲੋਂ ਮਿਲਕੇ ਵਿਦਿਆਰਥੀਆਂ ਲਈ ਮੁੱਖ ਕੈਂਪਸ ਵਿਖੇ ਇੱਕ ਰੋਜ਼ਾ ਟ੍ਰੈਫਿਕ ਨਿਯਮਾਂ ਦੀ ਜਾਗਰੂਕਤਾ ਸੰਬੰਧੀ ਸੈਮੀਨਾਰ ਕਰਵਾਇਆ ਗਿਆ। ਜ਼ਿਲ੍ਹਾ ਕਪੂਰਥਲਾ ਪੁਲਿਸ ਦੇ ਸਦਰ ਥਾਣਾ ਦੇ ਮਹਿਲਾ ਐਸ.ਐਚ.ਓ. ਇੰਸਪੈਕਟਰ ਸੋਨਮਦੀਪ ਕੌਰ ਤੇ ਏ.ਐਸ.ਆਈ ਗੁਰਬਚਨ ਸਿੰਘ ਬੰਗੜ ਵੱਲੋਂ ਸੈਮੀਨਾਰ ਨੂੰ ਮੁੱਖ ਬੁਲਾਰਿਆਂ ਵੱਜੋਂ ਸੰਬੋਧਨ ਕੀਤਾ ਗਿਆ! ਐਸ.ਐਚ.ਓ. ਇੰਸਪੈਕਟਰ ਸੋਨਮਦੀਪ ਕੌਰ ਵੱਲੋਂ ਵੱਧ ਰਹੇ ਸੜਕ ਹਾਦਸਿਆਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਟ੍ਰੈਫਿਕ ਨਿਯਮਾਂ ਦੀ ਪਾਲਣਾ ਸੰਬੰਧੀ ਵਿਦਿਆਰਥੀਆਂ ਨੂੰ ਗੰਭੀਰ ਹੋਣ ਲਈ ਪ੍ਰੇਰਿਤ ਕੀਤਾ ਗਿਆ! ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਜਿੰਨੀ ਵੱਧ ਤੋਂ ਵੱਧ ਹੋਵੇਗੀ, ਸੜਕ ਹਾਦਸੇ ਘੱਟ ਹੋਣਗੇ ਤੇ ਜਾਨ-ਮਾਲ ਸੁਰੱਖਿਅਤ ਰਹੇਗਾ।ਦੂਸਰੇ ਬੁਲਾਰੇ ਏ.ਐਸ.ਆਈ ਗੁਰਬਚਨ ਸਿੰਘ ਬੰਗੜ ਵੱਲੋਂ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਟ੍ਰੈਫਿਕ ਸਿਗਨਲ ਤੇ ਹੋਰ ਟ੍ਰੈਫ਼ਿਕ ਨਿਸ਼ਾਨ ਬਾਰੇ ਜਾਣਕਾਰੀ ਦਿੰਦੇ ਹੋਏ ਵਰਤਮਾਨ ਕਾਨੂੰਨ ਤੇ ਹਾਦਸਿਆਂ ਦੇ ਤੱਥਾਂ ਤੋਂ ਜਾਣੂੰ ਕਰਵਾਇਆ। ਉਹਨਾਂ ਦੱਸਿਆਂ ਕਿ ਦੇਸ਼-ਵਿਦੇਸ਼ ਹਰ ਪਾਸੇ ਸੜਕ ਹਾਦਸੇ ਅੱਜ ਅਖਬਾਰਾਂ ਦੀਆਂ ਸੁਰਖ਼ੀਆਂ ਹਨ, ਜੋ ਸਿਰਫ ਤੇ ਸਿਰਫ ਲਾਪਰਵਾਹੀ ਕਰਕੇ ਹੀ ਹੁੰਦੇ ਹਨ ॥ ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਭਾਵੇਂ ਉਹ ਵਿਦੇਸ਼ਾਂ 'ਚ ਰਹਿਣ ਜਾਂ ਦੇਸ਼ ਵਿਚ ਹਰ ਹਾਲ ਚ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨੀ ਯਕੀਨੀ ਬਣਾਉਣ ਤਾਂ ਜੋ ਸੜਕ ਹਾਦਸੇ ਰੁਕ ਸਕਣ ।ਸੈਮੀਨਾਰ ਵਿੱਚ ਡਿਪਟੀ ਰਜਿਸਟਰਾਰ ਲੋਕ ਸੰਪਰਕ ਰਜਨੀਸ਼ ਸ਼ਰਮਾ ਨੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ.ਐਸ.ਕੇ ਮਿਸ਼ਰਾ ਦਾ ਸੰਦੇਸ਼ ਪੜ੍ਹਿਆ। ਸਵਾਗਤੀ ਭਾਸ਼ਣ ਸਹਾਇਕ ਪ੍ਰੋਫੈਸਰ ਮੈਨੇਜਮੈਂਟ ਡਾ. ਰਾਜਪ੍ਰੀਤ ਕੌਰ ਵੱਲੋਂ ਰੱਖਿਆ ਗਿਆ ।ਧੰਨਵਾਦ ਦਾ ਮਤਾ ਸਹਾਇਕ ਪ੍ਰੋਫੈਸਰ ਡਾ.ਕਪਿਲ ਗੁਪਤਾ ਵੱਲੋਂ ਪੜ੍ਹਿਆ ਗਿਆ। ਇਸ ਮੌਕੇ ਯੂਨੀਵਰਸਿਟੀ ਦੇ ਫੈਕਲਟੀ ਮੈਂਬਰ ਡਾ.ਪੂਜਾ ਮਹਿਤਾ, ਡਾ. ਰੂਪਾਲੀ ਬਤਰਾ, ਡਾ. ਮਨਦੀਪ ਕੌਰ, ਡਾ. ਸਰਬਜੀਤ ਸਿੰਘ ਅਤੇ ਹੋਰ ਮੌਜੂਦ ਰਹੇ ।

ਵਾਲੀਬਾਲ ਟੂਰਨਾਮੈਂਟ ਦੀਆਂ ਤਿਆਰੀਆਂ ਮੁਕੰਮਲ

ਕਪੂਰਥਲਾ, (ਹਨੀ) ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਆਯੋਜਿਤ ਹੋਣ ਵਾਲੇ 18ਵੇਂ ਅੰਡਰ 19 ਵਾਲੀਵਾਲ ਕਲਸਟਰ ਟੂਰਨਾਮੈਂਟ ਸਬੰਧੀ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਨੇ ਦੱਸਿਆ ਕਿ ਟੂਰਨਾਮੈਂਟ 29 ਨਵੰਬਰ ਨੂੰ ਸ਼ੁਰੂ ਹੋਵੇਗਾ ਅਤੇ 3 ਦਸੰਬਰ ਤੱਕ ਚਲੇਗਾ । ਇਸ ਦੌਰਾਨ ਟੂਰਨਾਮੈਂਟ ਵਿਚ 84 ਸਕੂਲਾਂ ਦੇ ਵਿਦਿਆਰਥੀ ਭਾਗ ਲੈਣਗੇ । ਉਨ੍ਹਾਂ ਦੱਸਿਆ ਕਿ ਟੂਰਨਾਮੈਂਟ ਦੇ ਰੈਫਰੀ ਵਾਲੀਵਾਲ ਫੈਡਰੇਸਨ ਆਫ ਪੰਜਾਬ ਤੋਂ ਹੋਣਗੇ । ਪੰਜ ਦਿਨਾਂ ਦੇ ਇਸ ਟੂਰਨਾਮੈਂਟ ਲਈ ਸਕੂਲ ਵਿੱਚ ਵੱਡੇ ਪੱਧਰ 'ਤੇ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ । ਟੀਮਾਂ ਦੇ ਰਾਤ ਰਹਿਣ ਲਈ ਅਤੇ ਮੁੰਡੇ ਕੁੜੀਆਂ ਦੇ ਰਹਿਣ ਅਤੇ ਉਨ੍ਹਾਂ ਦੇ ਖਾਣ-ਪੀਣ ਦਾ ਇੰਤਜਾਮ ਕੀਤਾ ਗਿਆ ਹੈ ।

ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਧਾਰਮਿਕ ਲੈਕਚਰ

ਕਰਤਾਰਪੁਰ (ਹਰਮੇਸ਼ ਦੱਤ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਵਿਖੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਧਾਰਮਿਕ ਲੈਕਚਰਾਂ ਦੀ ਲੜੀ ਤਹਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਇੱਕ ਧਾਰਮਿਕ ਲੈਕਚਰ ਕਰਵਾਇਆ ਗਿਆ। ਜਿਸ ਵਿਚ ਭਾਈ ਮਨਜੀਤ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸ਼ਹਾਦਤ ਅਤੇ ਸਿੱਖਿਆਵਾਂ ਸੰਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਭਾਈ ਨੇ ਕਿਹਾ ਕਿ ਗੁਰੂ ਜੀ ਮਹਾਨ ਵਿਚਾਰਕ, ਯੋਧੇ ਤੇ ਅਧਿਆਤਮਕ ਸ਼ਖਸ਼ੀਅਤ ਦੇ ਧਨੀ ਸਨ। ਆਪ ਜੀ ਨੇ ਧਰਮ ਅਤੇ ਲੋਕਾਈ ਦੇ ਹੱਕਾਂ ਦੀ ਰਾਖੀ ਲਈ ਸਰਬੰਸ ਵਾਰ ਦਿੱਤਾ। ਇਸੇ ਲਈ ਆਪ ਜੀ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ। ਗੁਰੂ ਜੀ ਦੀ ਸ਼ਹਾਦਤ ਸਮੇਂ ਹਿੰਦੋਸਤਾਨ ਵਿਚ ਔਰੰਗਜ਼ੇਬ ਦਾ ਰਾਜ ਸੀ। ਗੁਰੂ ਜੀ ਦੀ ਸ਼ਹਾਦਤ ਵਿਸ਼ਵ ਦੇ ਇਤਿਹਾਸ ਵਿਚ ਵਿਲੱਖਣ ਅਤੇ ਵਿਸ਼ੇਸ਼ ਅਰਥਾਂ ਦੀ ਧਾਰਨੀ ਹੈ ਕਿਉਂਕਿ ਇਹ ਕੁਰਬਾਨੀ ਉਹਨਾਂ ਨੇ ਆਪਣੇ ਲਈ ਨਹੀਂ, ਸਗੋਂ ਸਮੁੱਚੀ ਮਾਨਵਤਾ ਖਾਤਰ ਦਿੱਤੀ। ਗੁਰੂ ਜੀ ਦੀ ਸ਼ਹਾਦਤ ਨੇ ਉਸ ਸਮੇਂ ਦੇ ਮਜ਼ਲੂਮਾਂ, ਨਿਤਾਣਿਆਂ ਅਤੇ ਨਿਓਟਿਆਂ ਵਿਚ ਇੱਕ ਰੂਹ ਫੂਕ ਦਿੱਤੀ। ਅੰਤ ਵਿਚ ਭਾਈ ਸਾਹਿਬ ਨੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਸਭ ਨੂੰ ਗੁਰੂ ਜੀ ਦੇ ਜੀਵਨ ਤੋਂ ਸਿੱਖਿਆ ਲੈਂਦੇ ਹੋਏ ਧਾਰਮਿਕ ਤੇ ਜਾਤੀਗਤ ਸੰਕੀਰਣਤਾ ਤੋਂ ਉੱਪਰ ਉਠ ਕੇ ਸਰਬੱਤ ਦਾ ਭਲਾ ਕਰਨਾ ਚਾਹੀਦਾ ਹੈ, ਲੋੜਵੰਦ ਅਤੇ ਬੇਸਹਾਰਿਆਂ ਦਾ ਸਹਾਰਾ ਬਣਨ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ, ਇਹੀ ਸਾਡਾ ਸੱਚਾ ਧਰਮ ਹੈ।

ਸਕੂਲੀ ਬੱਚਿਆਂ ਨਾਲ ਕੇਕ ਕੱਟ ਕੇ ਮਨਾਇਆ ਬੇਟੀ ਦਾ ਜਨਮ ਦਿਨ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ) ਆਦਰਸ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਅਪਣੀ ਬੇਟੀ ਅਨੰਤਾ ਸੋਨੀ ਦਾ ਜਨਮ ਦਿਨ ਸਰਕਾਰੀ ਐਲੀਮੈਂਟਰੀ ਸਕੂਲ ਸ਼ਾਹਪੁਰ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਸਦਰਪੁਰ ਦੇ ਛੋਟੇ ਬੱਚਿਆ ਨਾਲ ਕੇਕ ਕੱਟ ਕੇ ਮਨਾਇਆ। ਬੱਚਿਆਂ ਨੂੰ ਖਾਣ-ਪੀਣ ਦੇ ਸਮਾਨ ਤੋਂ ਇਲਾਵਾ ਵਿਦਿਅਕ ਸਮੱਗਰੀ ਕਾਪੀਆਂ , ਪੈਨਸਲਾਂ ਆਦਿ ਤਕਸੀਮ ਕੀਤੀਆਂ ਗਈਆਂ। ਸ਼ਾਹਪੁਰ ਪਿੰਡ ਤੋਂ ਸਰਪੰਚ ਸ੍ਰੀਮਤੀ ਭੁਪਿੰਦਰ ਕੌਰ ਅਤੇ ਜੱਟ ਮਹਾ ਸਭਾ ਦੇ ਸੂਬਾ ਪ੍ਰਧਾਨ ਅਜਾਇਬ ਸਿੰਘ ਬੋਪਾਰਾਏ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜਨ ਵਿਚ ਸਕੂਲ ਸ਼ਾਹਪੁਰ ਦੇ ਮੁੱਖ ਅਧਿਆਪਕ ਪ੍ਰਦੀਪ ਕੁਮਾਰ ਅਤੇ ਮਾਸਟਰ ਸੁਦੇਸ਼ ਕੁਮਾਰ ਮੁੱਖ ਅਧਿਆਪਕ ਐਲੀਮੈਂਟਰੀ ਸਕੂਲ ਸਦਰਪੁਰ ਦਾ ਪ੍ਰਮੁੱਖ ਯੋਗਦਾਨ ਰਿਹਾ। ਸ਼ਾਹਪੁਰ ਸਕੂਲ ਦੇ ਅਧਿਆਪਕ ਪ੍ਰਦੀਪ ਕੁਮਾਰ ਨੇ ਕਿਹਾ ਪ੍ਰਾਇਮਰੀ ਸਕੂਲਾਂ ਨੂੰ ਇਹੋ ਜਿਹੇ ਉਪਰਾਲਿਆਂ ਦੀ ਬਹੁਤ ਜ਼ਰੂਰਤ ਹੈ। ਆਦਰਸ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਸੂਬਾ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਇਹ ਮੇਰੀ ਬੇਟੀ ਅਨੰਤਾ ਦਾ ਚੌਥਾ ਜਨਮ ਦਿਨ ਸੀ। ਇਸ ਤੋਂ ਪਹਿਲਾਂ ਵੀ ਅਸੀਂ ਅਪਣੀ ਬੇਟੀ ਦਾ ਜਨਮ ਦਿਨ ਪਿੰਡ ਕੁਨੈਲ ਅਤੇ ਫਿਰ ਰੋੜਮਜ਼ਾਰਾ ਦੇ ਪ੍ਰਾਇਮਰੀ ਸਕੂਲਾਂ ਵਿੱਚ ਮਨਾ ਚੁੱਕੇ ਹਾਂ। ਬੇਟੀ ਅਨੰਤਾ ਵਲੋਂ ਆਪਣੇ ਜਨਮ ਦਿਨ ਨੂੰ ਯਾਦਗਾਰ ਬਣਾਉਣਾ ਲਈ ਸਕੂਲ ਵਿੱਚ ਨਿੰਮ ਦਾ ਬੂਟਾ ਵੀ ਲਗਾਇਆ ਗਿਆ । ਇਸ ਮੌਕੇ ਮੈਡਮ ਰਾਜਵੀਰ ਕੌਰ,ਅੰਜੂ ਰਾਣੀ,ਜਸਵੀਰ (ਸ਼ੀਰਾ),ਮਾਸਟਰ ਸੁਦੇਸ ਕੁਮਾਰ ਸਦਰਪੁਰ,ਜਸਵਿੰਦਰ ਕੌਰ ਆਂਗਣਵਾੜੀ ਟੀਚਰ ਸ਼ਾਹਪੁਰ,ਨਿਰਮਲਾ ਦੇਵੀ ਆਂਗਣਵਾੜੀ ਟੀਚਰ ਸਦਰਪੁਰ, ਮਨਜੀਤ ਕੌਰ , ਸਕੂਲ ਦੇ ਨੰਨ੍ਹੇ ਮੁੰਨੇ ਵਿਦਿਆਰਥੀਆਂ ਤੋਂ ਇਲਾਵਾ ਹੋਰ ਪਿੰਡ ਦੇ ਪਤਵੰਤੇ ਸੱਜਣ ਹਾਜਰ ਸਨ।

ਟੀਚਰ ਫੈਸਟ ਦੇ ਜੇਤੂ ਅਧਿਆਪਕਾਂ ਦਾ ਸਕੂਲ ਪਹੁੰਚਣ 'ਤੇ ਭਰਵਾਂ ਸਵਾਗਤ

ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)-ਬਲਾਕ ਪੱਧਰੀ ਸਨਮਾਨ ਸਮਾਰੋਹ ਵਿੱਚ ਸ਼ਾਮਿਲ ਹੋਣ ਉਪਰੰਤ ਸਕੂਲ ਪਹੁੰਚਣ ਤੇ ਸਥਾਨਕ ਕੰਨਿਆ ਸਕੂਲ ਦੇ ਸਮੂਹ ਅਧਿਆਪਕਾਂ ਦਾ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਸਬੰਧੀ ਵਿਸਥਾਰ ਪੂਰਬਕ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੀਡੀਆ ਇੰਨਚਾਰਜ ਅਧਿਆਪਕ ਗੁਰਪ੍ਰੀਤ ਸਿੰਘ ਹੀਰਾ ਨੇ ਦੱਸਿਆ ਕਿ ਜਿੱਥੇ ਬਲਾਕ ਪੱਧਰ ਤੇ ਸਕੂਲ ਅਧਿਆਪਕਾਂ ਕ੍ਰਮਵਾਰ ਸੰਦੀਪ ਕੌਰ ਨੇ ਵਿਗਿਆਨ ਵਿਸ਼ੇ ਵਿੱਚ, ਪ੍ਰਿਯੰਕਾ ਮਹਿੰਦਰੂ ਨੇ ਗਣਿਤ, ਅੰਸ਼ੂ ਗਰਗ ਨੇ ਅੰਗਰੇਜ਼ੀ, ਕਮਲਪ੍ਰੀਤ ਕੌਰ ਨੇ ਮਿਊਜ਼ਿਕ, ਜੈਦੀਪ ਕੌਰ ਨੇ ਕੰਪਿਊਟਰ ਵਿਸ਼ੇ ਵਿੱਚ ਪਹਿਲਾਂ ਸਥਾਨ ਹਾਸਿਲ ਕੀਤਾ, ਉੱਥੇ ਲੈਕਚਰਾਰ ਸੁੱਧਾ ਮੱਲ ਨੇ ਵਿਗਿਆਨ ਵਿਸ਼ੇ ਅੰਦਰ ਦੂਸਰਾ ਤੇ ਗੁਰਦੀਪ ਕੌਰ ਨੇ ਸਮਾਜਿਕ ਸਿੱਖਿਆ ਵਿਸ਼ੇ ਵਿੱਚ ਤੀਸਰਾ ਸਥਾਨ ਹਾਸਿਲ ਕੀਤਾ।

ਇੱਥੇ ਹੀ ਬਸ ਨਹੀਂ ਸਕੂਲ ਅਧਿਆਪਕਾ ਕਮਲਪ੍ਰੀਤ ਕੌਰ ਨੇ ਜ਼ਿਲ੍ਹਾ ਪੱਧਰ ਤੇ ਪਹਿਲਾ ਸਥਾਨ ਹਾਸਿਲ ਕਰਕੇ ਪੰਜਾਬ ਪੱਧਰ 'ਤੇ ਆਪਣੇ ਵਿਸ਼ੇ ਵਿੱਚ ਰੂਪਨਗਰ ਜਿਲ੍ਹੇ ਦੀ ਨੁਮਾਇੰਦਗੀ ਕੀਤੀ ਉੱਥੇ ਜੈਦੀਪ ਕੌਰ ਨੇ ਕੰਪਿਊਟਰ ਵਿਸ਼ੇ ਵਿੱਚ ਜ਼ਿਲ੍ਹਾ ਪੱਧਰ 'ਤੇ ਤੀਸਰਾ ਸਥਾਨ ਹਾਸਿਲ ਕਰਨ ਵਿਚ ਸਫਲਤਾ ਹਾਸਿਲ ਕੀਤੀ।

ਸਕੈਨ ਸੰਸਥਾ ਦਾ 11ਵਾਂ ਅਥਲੈਟਿਕਸ ਖੇਡ ਮੇਲਾ ਸ਼ਾਨੋ ਸ਼ੌਕਤ ਨਾਲ ਸੰਪੰਨ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਸਕੂਲੀ ਬੱਚਿਆਂ ਨੂੰ ਖੇਡਾਂ ਅਤੇ ਨਿਰੋਲ ਸਭਿਆਚਾਰ ਨਾਲ ਜੋੜਨ ਲਈ ਪ੍ਰਤੀਬੱਧ ਇਲਾਕੇ ਦੀ ਪ੍ਰਸਿੱਧ ਸੰਸਥਾ ਸਕੈਨ (ਸਪੋ

27-Nov-Sunday.qxd 11/26/2022 10:05 PM Page 3

ਮਿੰਨੀ ਕਹਾਣੀ ਲੰਮੇ ਸਮੇਂ ਤੋਂ ਲਿਖੀ ਜਾ ਰਹੀ ਹੈ, ਪ੍ਰਭਾਵਸ਼ਾਲੀ ਰੂਪ ਹੈ, ਵਿਅੰਗ ਅਤੇ ਤਨਜ਼ ਦੀ ਵਿਧੀ ਹੋਣ ਕਰਕੇ ਇਹ ਸੁਹਿਰਦ ਪਾਰਕਾਂ ਨੂੰ ਟੁੰਬਦੀ ਹੈ। ਇਸ ਕਰਕੇ ਇਸ ਐਤਵਾਰ ਤੋਂ ਮਹੀਨੇ ਦੇ ਹਰ ਆਖਰੀ ਐਤਵਾਰ ਨੂੰ ਸਮਕਾਲੀ ਸਰੋਕਾਰਾਂ ਨਾਲ ਖਹਿੰਦੀਆਂ ਮਿੰਨੀ ਕਹਾਣੀਆਂ ਇਸ ਕਾਲਮ ਵਿੱਚ ਪੇਸ਼ ਕਰਨ ਦਾ ਫੈਸਲਾ ਕੀਤਾ ਹੈ। ਬਾਕੀ ਤਿੰਨ ਐਤਵਾਰ ਪ੍ਰਤੀਨਿਧ ਕਾਵਿ ਰਚਨਾਵਾਂ ਦੀ ਪੇਸ਼ਕਾਰੀ ਪਹਿਲਾਂ ਦੀ ਤਰ੍ਹਾਂ ਹੀ ਜਾਰੀ ਰਹੇਗੀ। ਉਮੀਦ ਹੈ ਕਿ ਨਵਾਂ ਜ਼ਮਾਨਾ (ਐਤਵਾਰਤਾ) ਦੇ ਪਾਰਕਾਂ ਨੂੰ ਇਹ ਨਵਾਂ ਕਾਲਮ ਪਸੰਦ ਆਵੇਗਾ। ਹੁੰਗਾਰਾ ਜ਼ਰੂਰ ਭਰਨਾ।

-ਸੰਪਾਦਕ

ਮਿੰਨੀ ਕਹਾਣੀਆਂ

ਵਿਹੜੇ ਦੀ ਧੁੱਪ

ਬਾਰਾਂ ਵਜੇ ਦੇ ਲੱਗਭੱਗ ਘਰ ਦੇ ਛੋਟੇ ਜਿਹੇ ਵਿਹੜੇ ਵਿਚ ਸੂਰਜ ਦੀਆਂ ਕਿਰਨਾਂ ਨੇ ਪ੍ਰਵੇਸ਼ ਕੀਤਾ। ਧੁੱਪ ਦਾ ਦੋ ਫੁੱਟ ਚੌੜਾ ਟੁਕੜਾ ਜਦੋਂ ਚਾਰ ਫੁੱਟ ਲੰਬਾ ਹੋ ਗਿਆ ਤਾਂ ਸੱਠ ਵਰ੍ਹਿਆਂ ਦੀ ਮੁੰਨੀ ਦੇਵੀ ਨੇ ਉਸ ਨੂੰ ਆਪਣੀ ਮੰਜੀ ਉੱਤੇ ਵਿਛਾ ਲਿਆ।

"ਆਪਣੀ ਮੰਜੀ ਥੋੜ੍ਹੀ ਪਰੇ ਸਰਕਾ ਨਾ, ਇਨ੍ਹਾਂ ਪੌਦਿਆਂ ਨੂੰ ਵੀ ਥੋੜ੍ਹੀ ਧੁੱਪ ਲਵਾ ਦਿਆਂ।" ਹੱਥ ਵਿਚ ਗਮਲਾ ਚੁੱਕੀ ਸੰਪਤ ਲਾਲ ਜੀ ਨੇ ਪਤਨੀ ਨੂੰ ਕਿਹਾ।

ਧੁੱਪ ਦਾ ਟੁਕੜਾ ਮੰਜੀ ਤੇ ਗਮਲਿਆਂ ਵਿਚ ਵੰਡਿਆ ਗਿਆ।

ਦੋ-ਢਾਈ ਘੰਟਿਆਂ ਤੱਕ ਮੰਜੀ ਤੇ ਗਮਲੇ ਧੁੱਪ ਦੇ ਟੁਕੜੇ ਦੇ ਨਾਲ ਨਾਲ ਸਰਕਦੇ ਰਹੇ।

ਛੁੱਟੀਆਂ ਵਿਚ ਨਾਨਕੇ ਆਏ ਦਸ ਵਰ੍ਹਿਆਂ ਦੇ ਰਾਹੁਲ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਉਸ ਦੇ ਨਾਨਾ ਜੀ ਗਮਲਿਆਂ ਨੂੰ ਵਾਰ-ਵਾਰ ਚੁੱਕ ਕੇ ਇੱਧਰ-ਉੱਧਰ ਕਿਉਂ ਕਰ ਰਹੇ ਹਨ। ਆਖਿਰ ਉਸ ਨੇ ਇਸ ਬਾਰੇ ਨਾਨਾ ਜੀ ਤੋਂ ਪੁੱਛ ਹੀ ਲਿਆ।

ਸੰਪਤ ਲਾਲ ਜੀ ਬੋਲੇ, "ਬੇਟੇ, ਪੌਦਿਆਂ ਦੇ ਵਧਣ-ਫੁੱਲਣ ਲਈ ਧੁੱਪ ਬਹੁਤ ਜ਼ਰੂਰੀ ਹੈ। ਧੁੱਪ ਦੇ ਬਿਨਾਂ ਤਾਂ ਇਹ ਹੌਲੇ-ਹੌਲੇ ਮਰ ਜਾਣਗੇ।"

ਕੁਝ ਦੇਰ ਸੋਚਣ ਮਗਰੋਂ ਰਾਹੁਲ ਬੋਲਿਆ, "ਨਾਨੂੰ, ਜਦੋਂ ਸਾਡੇ ਵਿਹੜੇ ਵਿਚ ਚੰਗੀ ਤਰ੍ਹਾਂ ਨਾਲ ਧੁੱਪ ਆਉਂਦੀ ਹੀ ਨਹੀਂ ਤਾਂ ਤੁਸੀਂ ਇਹ ਪੌਦੇ ਲਾਏ ਹੀ ਕਿਉਂ?"

"ਜਦੋਂ ਪੌਦੇ ਲਾਏ ਸਨ, ਉਦੋਂ ਤਾਂ ਬਹੁਤ ਧੁੱਪ ਆਉਂਦੀ ਸੀ। ਉਂਜ ਵੀ ਹਰ ਘਰ 'ਚ ਪੌਦੇ ਤਾਂ ਹੋਣੇ ਹੀ ਚਾਹੀਦੇ ਨੇ।"

"ਪਹਿਲਾਂ ਬਹੁਤ ਧੁੱਪ ਕਿਵੇਂ ਆਉਂਦੀ ਸੀ?" ਰਾਹੁਲ ਹੈਰਾਨ ਸੀ।

"ਬੇਟੇ, ਪਹਿਲਾਂ ਸਾਡੇ ਘਰ ਦੇ ਚਾਰੇ ਪਾਸੇ, ਸਾਡੇ ਘਰ ਵਰਗੇ ਇਕ ਮੰਜ਼ਲਾ ਮਕਾਨ ਹੀ ਸਨ। ਫਿਰ ਬਾਹਰੋਂ ਲੋਕ ਆਉਣ ਲੱਗੇ। ਉਨ੍ਹਾਂ ਨੇ ਇਕ-ਇਕ ਕਰਕੇ ਗਰੀਬ ਲੋਕਾਂ ਦੇ ਕਈ ਮਕਾਨ ਖਰੀਦ ਲਏ ਤੇ ਸਾਡੇ ਇਕ ਪਾਸੇ ਬਹੁ-ਮੰਜ਼ਲਾ ਇਮਾਰਤ ਬਣਾ ਲਈ। ਫਿਰ ਇੰਜ ਹੀ ਸਾਡੇ ਦੂਜੇ ਪਾਸੇ ਵੀ ਉੱਚੀ ਇਮਾਰਤ ਬਣ ਗਈ।"

"ਤੇ ਫਿਰ ਪਿਛਲੇ ਪਾਸੇ ਵੀ ਉੱਚੀ ਬਿਲਡਿੰਗ ਬਣ ਗਈ, ਹੈ ਨਾ?" ਰਾਹੁਲ ਨੇ ਆਪਣੀ ਬੁੱਧੀ ਦਾ ਪ੍ਰਯੋਗ ਕਰਦੇ ਹੋਏ ਕਿਹਾ।

"ਹਾਂ, ਅਸੀਂ ਆਪਣਾ ਜੱਦੀ ਮਕਾਨ ਨਹੀਂ ਵੇਚਿਆ ਤਾਂ ਉਨ੍ਹਾਂ ਨੇ ਸਾਡੇ ਵਿਹੜੇ ਦੀ ਧੁੱਪ 'ਤੇ ਕਬਜ਼ਾ ਕਰ ਲਿਆ।" ਸੰਪਤ ਲਾਲ ਜੀ ਨੇ ਡੂੰਘਾ ਸਾਹ ਲੈਂਦੇ ਹੋਏ ਕਿਹਾ।

—ਸ਼ਿਆਮ ਸੁੰਦਰ ਅਗਰਵਾਲ

—o—

ਸ਼ੀਸ਼ਾ

ਨਿਹਾਲ ਸਿੰਘ ਤਿਆਰ ਹੁੰਦਾ, ਪਗੜੀ ਠੀਕ ਕਰ ਰਿਹਾ ਸੀ ਤੇ ਉਸ ਦੀ ਪਤਨੀ ਨੇ ਕਿਹਾ, "ਜੇਕਰ ਇਹ ਸੈਟ ਨਹੀਂ ਹੋ ਰਹੀ ਤਾਂ ਸ਼ੀਸ਼ੇ ਮੂਹਰੇ ਖੜ੍ਹੇ ਹੋ ਕੇ ਠੀਕ ਕਿਉਂ ਨਹੀਂ ਕਰ ਲੈਂਦੇ।" ਤੇ ਫਿਰ ਨਾਲ ਹੀ ਬੋਲੀ, "ਮੈਂ ਕਈ ਦਿਨਾਂ ਤੋਂ ਦੇਖ ਰਹੀ ਹਾਂ, ਐਵੇਂ ਹੀ ਪੱਗ ਨਾਲ ਉਲਝੇ ਰਹਿੰਦੇ ਹੋ, ਸ਼ੀਸ਼ੇ ਮੂਹਰੇ ਨਹੀਂ ਆਉਂਦੇ।"

ਇਹ ਗੱਲ ਠੀਕ ਹੈ ਕਿ ਨਿਹਾਲ ਸਿੰਘ ਸ਼ੀਸ਼ੇ ਦੇ ਸਾਹਮਣੇ ਖੜ੍ਹਨ ਤੋਂ ਕਤਰਾ ਰਿਹਾ ਹੈ, ਸ਼ਾਇਦ ਇਸ ਲਈ ਕਿ ਇਹੀ ਨਿਹਾਲ ਸਿੰਘ ਜੋ ਕਦੇ ਖੁਦਕੁਸ਼ੀ ਕਰਨ ਵਾਲੇ ਨੰ ਬੁਜ਼ਦਿਲ, ਕਮਜ਼ੋਰ ਕਿਹਾ ਕਰਦਾ ਸੀ, ਹੁਣ ਖੁਦ ਹੀ ਕਈ ਦਿਨਾਂ ਤੋਂ ਖੁਦਕੁਸ਼ੀ ਦੇ ਖਿਆਲਾਂ ਨਾਲ ਘਿਰਿਆ ਹੋਇਆ ਹੈ।

ਕਿਸਾਨਾਂ ਵਿਚ ਵਧ ਰਹੀ ਇਸ ਸਮੱਸਿਆ ਨੂੰ ਲੈ ਕੇ ਪਿੰਡ ਦੇ ਨੌਜਵਾਨਾਂ ਨੇ ਮਨੋਵਿਗਿਆਨੀ ਸਰਦੂਲ ਸਿੰਘ ਦੀ ਇਕ ਵਿਚਾਰ ਚਰਚਾ ਰੱਖੀ ਸੀ, ਜਿਸ ਨੂੰ ਸੁਨਣ ਨਿਹਾਲ ਜਾ ਰਿਹਾ ਸੀ।

ਨਿਹਾਲ ਦਾ ਸਵੈ ਵੀ ਉਸ ਦੇ ਨਾਲ ਹੋ ਲਿਆ ਤੇ ਬੋਲਿਆ, "ਏ ਕੀ ਹਾਲਤ ਬਣਾ ਲਈ ਹੈ? ਕੀ ਤੈਨੂੰ ਕੋਈ ਹੋਰ ਚੰਗਾ ਹੱਲ ਨਹੀਂ ਸੁੱਝਦਾ?"

"ਠੀਕ ਹੈ ਤੇਰੀ ਗੱਲ, ਪਤਾ ਨਹੀਂ ਕਿਉਂ ਲਗਦੈ, ਸਭ ਕੁਝ ਵੱਸੋਂ ਬਾਹਰ ਹੋਇਆ ਪਿਆ ਹੈ। ਹੁਣ ਅਹਿਸਾਸ ਹੋਇਆ ਹੈ ਕਿ ਜਦੋਂ ਸਿਰ 'ਤੇ ਪੈਂਦੀ ਹੈ ਤਦੇ ਹਾਲਾਤ ਦਾ ਪਤਾ ਚਲਦਾ ਹੈ।"

"ਓਏ! ਹਾਲਾਤ ਤਾਂ ਬਣਦੇ-ਵਿਗੜਦੇ ਰਹਿੰਦੇ ਨੇ, ਹਿੰਮਤ ਤੋਂ ਕੰਮ ਲੈਣਾ ਨਹੀਂ ਛੜਦੇ।"

"ਕੀ ਹੌਸਲਾ ਰੱਖੇ ਕੋਈ? ਹੌਸਲੇ ਲਈ ਮੋਢਾ ਹੁੰਦਾ ਹੈ ਪਿਉ ਦਾ, ਗੋਦੀ ਹੁੰਦੀ ਹੈ ਮਾਂ ਦੀ, ਪਰ ਉਹ ਤਾਂ ਤੁਰ ਗਏ ਵਕਤ ਦੇ ਨਾਲ, ਭਰਾਵਾਂ ਦਾ ਵਿਸ਼ਵਾਸ ਹੁੰਦਾ ਹੈ, ਦੋਸਤਾਂ ਦਾ ਭਰੋਸਾ ਵੀ, ਉਹ ਵੀ ਹੌਲੀ-ਹੌਲੀ ਕਿਰਦਾ ਗਿਆ। ਹੁਣ ਤੂੰ ਦਸ ਸਰਕਾਰਾਂ ਪੱਲਾ ਫੜਨ ਲਈ ਹੁੰਦੀਆਂ ਨੇ ਕਿ ਪੱਲਾਂ ਛੱਡਣ ਲਈ?"

ਇਸੇ ਤਰ੍ਹਾਂ ਦੀਆਂ ਸੋਚਾਂ ਵਿਚ ਉਹ ਸਮਾਗਮ ਵਿਚ ਜਾ ਬੈਠਾ। ਸਰਦਲ ਸਿੰਘ ਬੋਲ ਰਿਹਾ ਸੀ, "ਸਾਡੇ ਆਲੇ-ਦੁਆਲੇ ਦੇ ਹਾਲਾਤ ਦੀ ਤਾਕਤ, ਕਿੰਨੀ ਵੱਡੀ ਹੋ ਗਈ ਹੈ, ਸੋਚੋ ਕਿ ਜ਼ਿੰਦਗੀ ਦੀ ਤਾਕਤ 'ਤੇ ਹੀ ਭਾਰੂ ਪੈ ਰਹੀ ਹੈ।"

"ਧਿਆਨ ਨਾਲ ਸੁਣ", ਸਵੈ ਨੇ ਨਿਹਾਲ ਸਿੰਘ ਨੂੰ ਕਿਹਾ।

ਸਰਦੂਲ ਇਧਰ ਜ਼ੋਰ ਦੇ ਕੇ ਕਹਿ ਰਿਹਾ ਸੀ, "ਮਨੁੱਖ ਕੋਲ ਇਕ ਖਾਸ ਗੁਣ ਹੈ, ਆਸ, ਉਮੀਦ। ਮੰਨਦੇ ਹਾਂ ਉਸ ਨੂੰ ਤੋੜਿਆ ਜਾ ਰਿਹਾ ਹੈ, ਬਾਜ਼ਾਰ ਸਾਨੂੰ ਲਾਲਚ ਦੇ ਰਿਹਾ ਹੈ, ਪੈਸੇ ਦੀ ਦੌੜ ਇਕ-ਦੂਸਰੇ ਨੂੰ ਲਿਤਾੜਣ 'ਤੇ ਲੱਗੀ ਹੈ। ਪਰ ਇਸ ਚਾਲ ਨੂੰ ਪਛਾਨਣ ਦੀ ਲੋੜ ਹੈ। ਇਸ ਵਿਚ ਅਸੀਂ ਖੁਦ ਫਸੇ ਹਾਂ। ਸਮਝਾਂਗੇ ਤਾਂ ਖੁਦ ਹੀ ਬਾਹਰ ਨਿਕਲਾਂਗੇ।"

"ਸੁਣ ਰਿਹਾ ਹੈ ਨਾ ਨਿਹਾਲੇ, ਅਸੀਂ ਆਪ ਹੀ ਬਾਹਰ ਨਿਕਲਣਾ ਹੈ", ਸਵੈ ਦੀ ਆਵਾਜ਼ ਸੀ।

ਸਰਦੂਲ ਸਿੰਘ ਦੀ ਗੱਲ ਜਾਰੀ ਸੀ, "ਤੁਸੀਂ ਇਸ ਸਮਾਗਮ ਵਿਚ ਪਹੁੰਚੇ ਹੋ। ਮਤਲਬ ਜੇਕਰ ਤੁਸੀਂ ਆਪ ਪਰੇਸ਼ਾਨ ਨਹੀਂ ਹੋ ਤਾਂ ਤੁਸੀਂ ਇਸ ਵਧ ਰਹੀ ਸਮੱਸਿਆ ਪ੍ਰਤੀ ਫ਼ਿਕਰਮੰਦ ਜ਼ਰੂਰ ਹੋ। ਸਭ ਦੀ ਚਿੰਤਾ ਜਦੋਂ ਮਿਲਦੀ ਹੈ ਤਾਂ ਚਿੰਤਨ ਦੀ ਸ਼ੁਰੂਆਤ ਹੁੰਦੀ ਹੈ। ਹੁਣ ਇਸ ਇਕੱਠ ਨੂੰ ਇਸੇ ਤਰ੍ਹਾਂ ਨਹੀਂ ਰਹਿਣ ਦੇਣਾ। ਸਭਾ ਨੂੰ ਜਥੇਬੰਦੀ ਵਿਚ ਬਦਲਣਾ ਹੈ। ਜਥੇਬੰਦੀ ਦੀ ਆਪਣੀ ਤਾਕਤ ਹੁੰਦੀ ਹੈ।"

"ਸਮਝ ਰਿਹਾ ਹੈ ਨਾ ", ਸਵੈ ਵਾਰ-ਵਾਰ ਨਿਹਾਲ ਸਿੰਘ ਨੂੰ ਸੁਚੇਤ ਕਰ ਰਿਹਾ ਸ। "ਆਖਰੀ ਗੱਲ! ਸਾਨੂੰ ਦੱਸਿਆ- ਪੜ੍ਹਾਇਆ ਜਾਂਦਾ ਹੈ ਕਿ ਮੌਤ ਅਟੱਲ ਹੈ, ਅੱਜ ਨਹੀਂ ਤਾਂ ਕੱਲ੍ਹ! ਨਹੀਂ, ਅਸਲ ਵਿਚ ਜ਼ਿੰਦਗੀ ਅਟੱਲ ਹੈ। ਮੌਤ ਅਟੱਲ ਹੁੰਦੀ ਤਾਂ ਦੁਨੀਆ ਸੁੰਨਸਾਨ ਹੋ ਗਈ ਹੁੰਦੀ, ਕਦੋਂ ਦੀ।"

ਨਿਹਾਲ ਸਿੰਘ ਨੂੰ ਲੱਗਿਆ, ਉਸ ਦੇ ਲੜਖੜਾਉਂਦੇ ਪੈਰਾਂ ਵਿਚ ਤਾਕਤ ਮੁੜ ਪੈਣ ਲੱਗੀ ਹੈ। ਉਸ ਨੂੰ ਮਹਿਸੂਸ ਹੋਇਆ, ਉਸ ਨੂੰ ਖੁਦਕੁਸ਼ੀ ਕਰਨ ਤੋਂ ਮੌਤ ਦੇ ਦਰਦ ਜਾਂ ਡਰ ਨੇ ਨਹੀਂ ਰੋਕਿਆ, ਜ਼ਿੰਦਗੀ ਦੀ ਤਾਕਤ ਨੇ ਮਰਨ ਤੋਂ ਬਚਾਇਆ ਹੈ।

ਸਵੈ ਨੇ ਉਸ ਦੇ ਮੋਢੇ 'ਤੇ ਹੱਥ ਰੱਖਿਆ। ਉਸ ਨੂੰ ਲੱਗਿਆ ਉਹ ਹੁਣ ਇਕੱਲਾ ਨਹੀਂ ਹੈ।

ਉਹ ਉਸੇ ਹਿੰਮਤ ਨਾਲ ਘਰ ਪਹੁੰਚਿਆ। ਸਿਰ ਤੋਂ ਪੱਗ ਲਾਹੀ ਤੇ ਸ਼ੀਸ਼ੇ ਸਾਹਮਣੇ ਖੜਾ ਹੋ ਕੇ, ਖਿੱਲਰੇ ਹੋਏ ਵਾਲਾਂ ਨੂੰ ਸੰਵਾਰਨ ਲੱਗਿਆ।

- ਡਾ. ਸ਼ਿਆਮ ਸੁੰਦਰ ਦੀਪਤੀ

—o—

ਸੀਰੀ

'ਕੁੜੇ ਬਸੰਤ ਕੁਰੇ, ਸੁਣਿਐ ਕੁੱਛ? ਆਹ ਤਾਂ ਰੱਬ ਨੇ ਲੋੜ੍ਹਾ ਈ ਮਾਰਿਆ', ਅੰਦਰ ਵੜਦੀ ਗੁਆਂਢਣ ਨੇ ਗੱਲ ਸ਼ੁਰੂ ਕਰਦਿਆਂ ਕਿਹਾ।

'ਕੀ ਹੋਇਆ ਭੈਣੇ?' ਬਸੰਤ ਕੌਰ ਦੇ ਗੱਲ ਸਮਝ ਨਾ ਆਈ ਤੇ ਉਸ ਨੇ ਅੱਗੋਂ ਜਾਣਨਾ ਚਾਹਿਆ।

'ਹੋਣਾ ਕੀ ਸੀ। ਸਰਪੰਚ ਨੇ ਵੀਰੂ ਸਾਂਝੀ ਦੇ ਮੁੰਡੇ ਨੂੰ ਨਰਮੇ ਤੇ ਸਪਰੇ ਕਰਨ ਲਾਇਆ ਸੀ। ਉਸ ਨੂੰ ਦਵਾਈ ਚੜ੍ਹ ਗਈ ਤੇ ਉੱਥੇ ਈ ਬੇਹੋਸ਼ ਹੋ ਗਿਆ'

'ਹਾਇ! ਹਾਇ! ਫੇਰ ਕੀ ਹੋਇਆ?'

'ਸਰਪੰਚ ਮੁੰਡੇ ਨੂੰ ਟਰਾਲੀ 'ਚ ਪਾ ਕੇ ਸ਼ਹਿਰ ਲੈ ਗਿਆ, ਪਰ ਉਹ ਤਾਂ ਵਿਚਾਰਾ ਰਾਹ 'ਚ ਈ ਪੂਰਾ ਹੋ ਗਿਆ।'

ਗੁਆਂਢਣ ਨੇ ਦਰਦ ਭਰੇ ਮਨ ਨਾਲ ਦੱਸਦਿਆਂ ਤੇ ਹਮਦਰਦੀ ਜਤਾਉਂਦਿਆਂ ਕਿਹਾ, 'ਵਿਚਾਰੇ ਗਰੀਬ ਨਾਲ ਤਾਂ ਬਹੁਤ ਧੱਕਾ ਹੋਇਆ। 'ਕੱਲਾ 'ਕੱਲਾ ਜਵਾਕ ਸੀ ਵੀਰੂ ਦੇ।'

'ਤਾਂ ਹੀ ਤਾਂ ਮੈਂ ਨ੍ਹੀ ਆਪਣੇ ਗੁਰਿੰਦਰ ਨੂੰ ਸਪਰੇਅ 'ਤੇ ਲੱਗਣ ਦਿੰਦੀ, ਭਾਵੇਂ ਇਹਦਾ ਬਾਪੂ ਕਈ ਵਾਰ ਕਹਿੰਦਾ ਹੁੰਦੈ।'

ਮੈਂ ਖਹਿੜੇ ਪੈ ਜਾਂਦੀ ਆਂ 'ਬਈ ਭਈਏ ਥੋੜ੍ਹੇ ਨੇ ਸਪਰੇਆਂ ਨੂੰ। ਰੱਬ ਨਾ ਕਰੇ ਜੇ ਕੋਈ ਚੰਗੀ-ਮਾੜੀ ਹੋ ਜੇ। ਨਾਲੇ ਪੁੱਤ ਕਿਹੜਾ ਲੱਖੀਂ ਹਜ਼ਾਰੀਂ ਮਿਲਦੇ ਨੇ।' ਬਸੰਤ ਕੌਰ ਨੇ ਆਪਣਾ ਪੱਖ ਦਰਸਾਉਂਦਿਆਂ ਕਿਹਾ।

ਇਨ੍ਹਾਂ ਦੋਹਾਂ ਦੀਆਂ ਗੱਲਾਂ ਸੁਣ ਵਿਹੜੇ ਵਾਲੀ ਕਰਮੋ ਗੋਹਾ-ਕੂੜਾ ਕਰਨੋਂ ਰੁਕ ਗਈ। ਉਹਦੀਆਂ ਅੱਖਾਂ ਵਿੱਚੋਂ ਛਮ-ਛਮ ਹੰਝੂ ਚੋਣ ਲੱਗੇ। ਕਈ ਸਾਲ ਪਹਿਲਾਂ ਦੀ ਘਟਨਾ ਫਿਰ ਤਾਜ਼ਾ ਹੋ ਗਈ। ਉਸ ਦਾ ਇਕਲੌਤਾ ਪੁੱਤਰ ਵੀ ਇੰਜ ਹੀ ਅਜਾਈਂ ਮੌਤ ਦੇ ਮੂੰਹ ਜਾ ਪਿਆ ਸੀ। ਘੁੱਟ ਕੇ ਕਲੇਜਾ ਫੜੀ ਕਰਮੋ ਬਸੰਤ ਕੌਰ ਦੀਆਂ ਗੱਲਾਂ ਸੁਣ ਕੇ ਤੜਪ ਉੱਠੀ।

ਉਹਦਾ ਰੋਹ ਆਪ ਮੁਹਾਰੇ ਫੁੱਟ ਪਿਆ, 'ਜਿਹੜਾ ਮਰ ਗਿਆ, ਉਹ ਕਿਹੜਾ ਕਿਸੇ ਮਾਂ ਦਾ ਪੁੱਤ ਸੀ, ਸੀਰੀ ਈ ਸੀ ਨਾ!'

- ਸੁਰਿੰਦਰ ਕੈਲੇ

ਬਹਾਨਾ

ਸਕੂਟਰ ਦੇ ਪਿੱਛੇ ਬੈਠੀ ਪਤਨੀ ਦੀ ਅੱਖ ਲਾਗੇ, ਹਵਾ ਵਿਚ ਉੱਡਦੀ ਕਿਸੇ ਜ਼ਹਿਰੀਲੀ ਚੀਜ਼ ਨੇ ਡੰਗ ਮਾਰਿਆ ਤਾਂ ਉਹ ਤੜਪ ਉੱਠੀ। ਵੇਖਦਿਆਂ-ਵੇਖਦਿਆਂ ਹੀ ਅੱਖ 'ਤੇ ਸੋਜ਼ ਆਉਣੀ ਸ਼ੁਰੂ ਹੋ ਗਈ। ਰਸਤੇ ਵਿਚ ਡਾਕਟਰ ਦਾ ਕਲੀਨਿਕ ਵੇਖ ਉਹ ਰੁਕ ਗਏ।

ਡਾਕਟਰ ਨੇ ਚੈੱਕ ਕਰਨ ਉਪਰੰਤ ਅੰਦਾਜ਼ੇ ਨਾਲ ਕਿਹਾ, ਭੂੰਡ ਲੜ ਗਿਆ ਜਾਪਦੈ, ਘਬਰਾਉਣ ਦੀ ਕੋਈ ਗੱਲ ਨਹੀਂ। ਛੇ-ਅੱਠ ਘੰਟਿਆਂ ਵਿਚ ਸੋਜ਼ ਉਤਰ ਜਾਵੇਗੀ। ਐਹ ਦਰਦ ਵਾਸਤੇ ਗੋਲੀਆਂ ਨੇ, ਤਿੰਨ-ਤਿੰਨ ਘੰਟੇ ਬਾਅਦ ਖਾ ਲੈਣੀਆਂ।

'ਭੂੰਡਾਂ ਦੀਆਂ ਖੱਖਰਾਂ ਤਾਂ ਮੇਰੇ ਵਿਹੜੇ ਦੀ ਨਿੰਮ 'ਤੇ ਵੀ ਨੇ। ਉਹਨਾਂ ਨੂੰ ਲਾਹੁਣਾ ਮੈਂ ਪਿੰਡ ਤਬਾਹ ਕਰਨ ਦੇ ਬਰਾਬਰ ਸਮਝਦੈਂ, ਪਰ ਹੁਣ ਕੁਝ ਕਰਨਾ ਹੀ ਪੈਣੈ।' ਘਰ ਵੱਲ ਸਕੂਟਰ ਚਲਾਉਂਦਿਆਂ ਪਤਨੀ ਦੀ ਅੱਖ 'ਤੇ ਵਧ ਰਹੀ ਸੋਜ਼ ਨੂੰ ਵੇਖਦਿਆਂ ਉਹ ਮਨ ਹੀ ਮਨ ਬੁੜਬੁੜਾਇਆ।

ਘਰ ਆਉਂਦਿਆਂ ਹੀ ਉਸ ਨੇ ਡਾਂਗ ਦੇ ਸਿਰੇ 'ਤੇ ਕੱਪੜਾ ਬੰਨ੍ਹ, ਮਿੱਟੀ ਦਾ ਤੇਲ ਪਾ ਕੇ ਅੱਗ ਲਾਈ ਤਾਂ ਧੂੰਆਂ ਦੇਖ ਗੁਆਂਢੀ ਭੱਜਾ-ਭੱਜਾ ਆਇਆ।

" ਇਹ ਕੀ ਕਰਨ ਲੱਗੇ ਓ?"

"ਯਾਰ, ਸਕੂਟਰ 'ਤੇ ਆਉਂਦਿਆਂ ਪਤਨੀ ਦੀ ਅੱਖ 'ਤੇ ਭੂੰਡ ਲੜ ਗਿਆ, ਮੈਂ ਸਾਰੇ ਮਾਰ ਦੇਣੇ ਨੇ।" ਵਿਹੜੇ ਦੀ ਨਿੰਮ 'ਤੇ ਲੱਗੀ ਭੂੰਡਾਂ ਦੀ ਖੱਖਰ ਵੱਲ ਇਸ਼ਾਰਾ ਕਰਦਿਆਂ ਉਹ ਬੋਲਿਆ।

"ਪਰ ਯਾਰ, ਕਸੂਰ ਤਾਂ ਸੜਕ ਵਾਲੇ ਭੂੰਡ ਦਾ ਸੀ। ਇਹ ਤਾਂ ਬੇਦੋਸ਼ੇ ਨੇ।"

"ਬੇਦੋਸ਼ੇ! ਹਮਲਾਵਰ ਤਾਂ ਇਹਨਾਂ ਦੀ ਕੌਮ ਦਾ ਈ ਸੀ।" ਕਹਿੰਦਿਆਂ ਉਹ ਨਿੰਮ 'ਤੇ ਲੱਗੀਆਂ ਖੱਖਰਾਂ ਸਾੜਨ ਲੱਗ ਪਿਆ।

- ਹਰਭਜਨ ਖੇਮਕਰਨੀ

—o—

ਮੂਕ ਸ਼ਬਦਾਂ ਦੀ ਵਾਪਸੀ

ਦਲਜੀਤ ਨੂੰ ਵਿਆਹ-ਸ਼ਾਦੀਆਂ ਦਾ ਰੌਲਾ-ਰੱਪਾ ਚੰਗਾ ਨਹੀਂ ਸੀ ਲਗਦਾ, ਪਰ ਅੱਜ ਉਸ ਦਾ ਜੀਅ ਲੱਗਾ ਹੋਇਆ ਸੀ। ਪਰੀਆਂ ਵਰਗੀ ਇਕ ਤੀਵੀਂ ਕੁਝ ਇਸ ਅਦਾ ਨਾਲ 'ਛਣ-ਛਣ' ਕਰਦੀ ਫਿਰਦੀ ਸੀ ਕਿ ਹਰ ਇਕ ਦੇ ਦਿਲ ਨੂੰ ਜ਼ਖ਼ਮੀ ਕਰ ਸਕਦੀ ਸੀ, ਪਰ 'ਹਰ ਇਕ' ਨਾਲ ਦਲਜੀਤ ਨੂੰ ਕੀ ਮਤਲਬ? ਉਹ ਤਾਂ ਖੁਦ ਉਸ ਨਾਲ ਗੱਲਾਂ ਕਰਨੀਆਂ ਚਾਹੁੰਦਾ ਸੀ, ਦਿਲ ਵਿਚ ਮਿਠਾਸ ਭਰ ਦੇਣ ਵਾਲਾ ਉਸ ਦਾ ਨਾਂਅ ਜਾਨਣਾ ਚਾਹੁੰਦਾ ਸੀ, ਪਰ ਨਹੀਂ, ਉਹ ਪਰੀ ਕੋਈ ਮੌਕਾ ਨਹੀਂ ਸੀ ਦੇ ਰਹੀ।

'ਮੈਂ ਉਸ ਨੂੰ ਕਹਾਂਗਾ' ਇਹ ਵਾਕ ਕਿੰਨੀ ਵਾਰੀ ਦਲਜੀਤ ਦੇ ਹੋਠਾਂ ਉੱਤੇ ਆਇਆ ਤੇ ਇਕ ਅਨਹਦ ਜਿਹੀ ਝੁਨਕਾਰ ਦਾ ਸੰਚਾਰ ਕਰਦਾ ਚਲਾ ਗਿਆ। 'ਬਿਜਲੀ ਦੀ ਲਿਸ਼ਕ' ਇੱਧਰ-ਉੱਧਰ ਟਪੂੰ-ਟਪੂੰ ਕਰਦੀ ਫਿਰ ਰਹੀ ਸੀ। ਸਜੇ-ਸੰਵਰੇ ਵਾਲ, ਸੁਰਮਈ ਅੱਖਾਂ ਤੇ ਹੋਠਾਂ 'ਤੇ ਲਾਲੀ।

ਦਲਜੀਤ ਸੋਚ ਰਿਹਾ ਸੀ ਕਿਸ ਖੁਸ਼ਕਿਸਮਤ ਦੇ ਘਰ ਦਾ ਸ਼ਿੰਗਾਰ ਬਣੀ ਹੋਵੇਗੀ ਇਹ? ਉਸ ਨੇ ਦਲਜੀਤ ਵੱਲ ਵੇਖਿਆ ਵੀ ਸੀ ਜਾਂ ਨਹੀਂ, ਪਰ ਇਕ ਮਿੱਠੇ-ਮਿੱਠੇ ਅਹਿਸਾਸ ਨੇ ਤਰਕਾਲਾਂ ਕਰ ਦਿੱਤੀਆਂ ਸਨ।

ਸੋਲ੍ਹਵੇਂ ਸਾਲ ਵਿਚ ਪੈਰ ਰੱਖ ਰਿਹਾ ਦਲਜੀਤ ਦਾ ਬੇਟਾ, ਜਿਹੜਾ ਸਵੇਰ ਦਾ ਪਤਾ ਨਹੀਂ ਕਿੱਥੇ ਰਿਹਾ ਸੀ, ਬਹੁਤ ਹੀ ਖੁਸ਼-ਖੁਸ਼ ਆਪਣੇ ਡੈਡੀ ਦੇ ਨੇੜੇ ਆਇਆ। ਪਹਿਲਾਂ ਉਹ ਇੱਧਰ-ਉੱਧਰ ਦੀਆਂ ਗੱਲਾਂ ਕਰਦਾ ਰਿਹਾ, ਫਿਰ ਬਹੁਤ ਹੀ ਸੁਭਾਵਕ ਲਹਿਜੇ ਵਿਚ ਕਹਿਣ ਲੱਗਾ, ਡੈਡੀ ਜੀ, ਔਹ ਆਂਟੀ (ਉਸ ਦਾ ਇਸ਼ਾਰਾ ਉਸ ਪਰੀ ਵੱਲ ਸੀ) ਬਹੁਤ ਚੰਗੇ ਐ।

ਦਲਜੀਤ ਤ੍ਰਭਕ ਗਿਆ ਸੀ, ਪਰ ਪ੍ਰੌੜ੍ਹ ਉਮਰ ਨੇ ਚਿਹਰੇ ਉੱਤੇ ਇਸ ਮਾਨਸਿਕ ਖਲਲ ਨੂੰ ਸਪੱਸ਼ਟ ਨਹੀਂ ਸੀ ਹੋਣ

27-Nov-Sunday.qxd 11/26/2022 10:04 PM Page 2

ਕੌਣ ਸੀ ਸਾਵਰਕਰ ????

ਸਮਕਾਲੀ ਸਰੋਕਾਰ

ਜਗਵਿੰਦਰ ਜੋਧਾ

ਦਮੋਦਰ ਵਿਨਾਇਕ ਸਾਵਰਕਰ ਜਾਂ ਮਕਬੂਲ ਨਾਮ ਵੀਰ ਸਾਵਰਕਰ ਬਾਰੇ ਚਰਚਾ ਪਿਛਲੇ ਕੁਝ ਸਾਲਾਂ ਵਿਚ ਕੌਮੀ ਪੱਧਰ 'ਤੇ ਹੋਈ ਹੈ। ਸੰਨ 2000 ਵਿਚ ਤਤਕਾਲੀ ਵਾਜਪਾਈ ਸਰਕਾਰ ਨੇ ਸਾਵਰਕਰ ਲਈ 'ਭਾਰਤ ਰਤਨ' ਦੀ ਸਿਫ਼ਾਰਸ਼ ਕੀਤੀ ਸੀ, ਜਿਸ ਨੂੰ ਉਦੋਂ ਦੇ ਰਾਸ਼ਟਰਪਤੀ ਨਾਰਾਇਣਨ ਨੇ ਨਾਮਨਜ਼ੂਰ ਕਰ ਦਿੱਤਾ ਸੀ। ਉਦੋਂ ਪ੍ਰਸਿੱਧ ਪੱਤਰਕਾਰ ਆਰੁਸ਼ ਦਿਵੇਦੀ ਨੇ ਇਕ ਲੇਖ 'ਭਾਰਤ ਰਤਨ ਜਾਂ ਭਾਰਤ ਪਤਨ' ਵਿਚ ਲਿਖਿਆ ਸੀ ਕਿ ਸਾਵਰਕਰ ਨੂੰ ਭਾਰਤ ਰਤਨ ਦਿਵਾਉਣਾ ਸਰਕਾਰ ਦਾ ਉਦੇਸ਼ ਹੈ ਹੀ ਨਹੀਂ। ਸਰਕਾਰ ਤਾਂ ਆਰ ਐੱਸ ਐੱਸ ਦੇ ਏਜੰਡੇ ਅਨੁਸਾਰ ਨਵੀਆਂ ਪੀੜ੍ਹੀਆਂ ਦੇ ਮਨਾਂ ਵਿਚ ਸਾਵਰਕਰ ਲਈ ਜਿਗਿਆਸਾ ਪੈਦਾ ਕਰਨ ਲਈ ਉਸ ਨੂੰ ਮਸ਼ਹੂਰ ਕਰਨਾ ਚਾਹੁੰਦੀ ਹੈ। ਹੁਣ ਫਿਰ ਮਹਾਰਾਸ਼ਟਰ ਚੋਣਾਂ ਵਿਚ ਉਥੋਂ ਦੀ ਸੰਘੀ ਸਰਕਾਰ ਨੇ ਆਪਣੇ ਚੋਣ ਘੋਸ਼ਣਾ ਪੱਤਰ 'ਚ ਲੋਕਾਂ ਨਾਲ ਵਾਅਦਾ ਕੀਤਾ ਹੈ ਕਿ ਜੇ ਸਰਕਾਰ ਦੁਬਾਰਾ ਆਉਂਦੀ ਹੈ ਤਾਂ ਸਾਵਰਕਰ ਲਈ ਭਾਰਤ ਰਤਨ ਪੱਕਾ ਕੀਤਾ ਜਾਵੇਗਾ। ਮਸਲਾ ਇਹ ਨਹੀਂ ਕਿ ਸਾਵਰਕਰ ਨੂੰ ਭਾਰਤ ਰਤਨ ਮਿਲਦਾ ਹੈ ਕਿ ਨਹੀਂ। ਜੇ ਕਾਰਪੋਰੇਟੀ ਉਤਪਾਦਾਂ ਨੂੰ ਭਾਰਤੀ ਜਨਤਾ ਲਈ ਪ੍ਰਚਾਰਨ ਵਾਲੇ ਖਿਡਾਰੀ ਸਚਿਨ ਤੇਂਦੁਲਕਰ ਨੂੰ ਇਹ ਐਵਾਰਡ ਦਿੱਤਾ ਜਾ ਸਕਦੈ ਤਾਂ ਹੋਰ ਕਿਸੇ ਨੂੰ ਵੀ ਦਿੱਤਾ ਜਾਵੇ ਕੀ ਫਰਕ ਪੈਂਦਾ ਹੈ? ਨਾਲੇ ਕਿਸੇ ਵੀ ਐਵਾਰਡ ਦੀ ਮਰਿਆਦਾ ਗ੍ਰਹਿਣ ਕਰਨ ਵਾਲੇ ਦੇ ਪ੍ਰਦਾਨ ਕਰਨ ਵਾਲੇ ਦੀ ਦੁਵੱਲੀ ਅਨੁਸਾਰਤਾ 'ਤੇ ਟਿਕੀ ਹੁੰਦੀ ਹੈ। ਜੇ ਭਾਰਤੀ ਰਾਜ ਐਸੇ ਐਵਾਰਡ ਦੇ ਰਿਹਾ ਹੈ, ਵਿਰੋਧ ਕਰਨ ਵਾਲੇ ਸਾਵਰਕਰ ਦੇ ਜੀਵਨ ਤੇ ਅਮਲਾਂ 'ਚੋਂ ਵਿਰੋਧੀ ਤੱਤ ਰੌਸ਼ਨੀ ਵਿਚ ਲਿਆ ਰਹੇ ਹਨ ਤਾਂ ਉਸ ਦਾ ਬਦਲ ਵੀ ਕੋਈ ਐਸਾ ਹੀ ਹੋਵੇਗਾ। ਖਤਰਨਾਕ ਗੱਲ ਇਹ ਹੈ ਕਿ ਸਾਵਰਕਰ ਨਾਲ ਬਹੁਤ ਸਾਰੀਆਂ ਮਿੱਥਾਂ ਜੋੜ ਕੇ ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਨਵੀਂ ਪੀੜ੍ਹੀ ਅੱਗੇ ਪੇਸ਼ ਕੀਤਾ ਜਾ ਰਿਹਾ ਹੈ। ਉਸ ਨੂੰ ਗਾਂਧੀ ਦੇ ਸਮਾਂਤਰ ਮਹੱਤਵ ਵਾਲਾ ਰਾਸ਼ਟਰ ਭਗਤ ਸਾਬਿਤ ਕਰਨ ਦੀ ਕਵਾਇਦ ਮੌਜੂਦਾ ਕੇਂਦਰ ਸਰਕਾਰ ਦੀ ਪਹਿਲੀ ਪਾਰੀ ਤੋਂ ਹੀ ਜਾਰੀ ਰਹੀ ਹੈ। ਮਈ 2014 ਵਿਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਸ੍ਰੀ ਮੋਦੀ ਨੇ ਸੰਸਦ ਭਵਨ ਵਿਚ ਸਾਵਰਕਰ ਦੀ ਫੋਟੋ ਅੱਗੇ ਫੁੱਲ ਚੜ੍ਹਾ ਕੇ ਸਰਕਾਰ ਦੇ ਉਸ ਪ੍ਰਤੀ ਜਜ਼ਬਾਤ ਨੂੰ ਸਪੱਸ਼ਟ ਕਰ ਦਿੱਤਾ ਸੀ। ਨੌਜਵਾਨਾਂ ਨੂੰ ਸਾਵਰਕਰ ਨਾਲ ਜੁੜੇ ਤੱਥਾਂ ਦੀ ਤਹਿ ਤੱਕ ਜਾਣ ਦੀ ਲੋੜ ਹੈ ਤਾਂ ਜੋ ਉਸ ਦੇ ਅਸਲ ਨੂੰ ਜਾਣਿਆ ਜਾ ਸਕੇ।

ਸਾਵਰਕਰ ਨੂੰ ਭਾਰਤ ਵਿਚ ਹਿੰਦੂਤਵੀ ਜਾਂ ਸੰਘਵਾਦੀ ਵਿਚਾਰਾਂ ਦੇ ਮੋਢੀਆਂ ਵਿੱਚੋਂ ਗਿਣਿਆ ਜਾਂਦਾ ਹੈ। ਇਸੇ ਕਾਰਨ ਹਿੰਦੂਵਾਦੀ ਵਿਚਾਰਾਂ ਦੇ ਉਪਾਸਕ ਉਸ ਦੀ ਵਿਚਾਰਧਾਰਾ ਦੇ ਆਲੇ-ਦੁਆਲੇ ਭਾਰਤ ਦੀ ਸਮਾਜਿਕ ਉਸਾਰੀ ਦਾ ਆਦਰਸ਼ ਦੇਖਦੇ ਰਹੇ ਹਨ। ਭਾਰਤ ਵਿਚ ਹੁਣ ਤੱਕ ਹਿੰਦੂਆਂ ਦੀ ਬੁਰੀ ਹਾਲਤ ਲਈ ਵੀ ਸਾਵਰਕਰ ਦੇ ਵਿਚਾਰਾਂ ਦੀ ਅਣਦੇਖੀ ਤੇ ਗਾਂਧੀਵਾਦੀ ਵਿਚਾਰਧਾਰਾ 'ਤੇ ਭਾਰਤੀ ਸੱਤਾ ਪੱਖ ਦੀ ਟੇਕ ਰੱਖਣ ਨੂੰ ਮੰਨਿਆ ਜਾਂਦਾ ਰਿਹਾ ਹੈ। ਇਸ ਲਈ ਗਾਂਧੀ ਤੇ ਸਾਵਰਕਰ ਨੂੰ ਸੁਭਾਵਿਕ ਵਿਰੋਧੀ ਬਣਾ ਲਿਆ ਜਾਂਦਾ ਹੈ। ਅਜਿਹਾ ਕਰਨ ਵਾਲੇ ਇਸ ਤੱਥ ਤੋਂ ਜਾਣੂੰ ਵੀ ਹੁੰਦੇ ਹਨ ਕਿ ਮਹਾਤਮਾ ਗਾਂਧੀ ਦੇ ਕਤਲ ਲਈ ਸਾਵਰਕਰ ਨੂੰ ਜ਼ਿੰਮੇਵਾਰ ਮੰਨਦੇ ਹੋਏ ਉਸ ਉੱਪਰ ਮੁਕੱਦਮਾ ਵੀ ਚਲਿਆ ਸੀ, ਭਾਵੇਂ ਇਕ ਸਾਲ ਦੇ ਅੰਦਰ-ਅੰਦਰ ਉਹ ਇਨ੍ਹਾਂ ਦੋਸ਼ਾਂ ਤੋਂ ਬਰੀ ਹੋ ਗਿਆ ਸੀ। ਉਸ ਤੋਂ ਬਾਅਦ ਗਾਂਧੀ ਦੇ ਕਤਲ ਦੀ ਤਫ਼ਤੀਸ਼ ਲਈ ਬਣੇ ਕਪੂਰ ਕਮਿਸ਼ਨ ਨੇ ਵੀ ਸਾਵਰਕਰ ਕੋਲੋਂ ਪੁੱਛ-ਗਿੱਛ ਕੀਤੀ ਤੇ 1966 ਵਿਚ ਉਸ ਦੀ ਮੌਤ ਤੱਕ ਭਾਰਤੀ ਰਾਜਨੀਤਕ ਸਮਾਜ ਵਿਚ ਇਕ ਤਬਕਾ ਉਸ ਨੂੰ ਗਾਂਧੀ ਦੇ ਕਤਲ ਲਈ ਜ਼ਿੰਮੇਵਾਰ ਮੰਨਦਾ ਰਿਹਾ। ਸਾਵਰਕਰ ਦੀ ਸ਼ਖ਼ਸੀਅਤ ਦੇ ਕਈ ਪੜਾਅ ਹਨ। ਇਨ੍ਹਾਂ ਪੜਾਵਾਂ ਵਿਚ ਹੀ ਉਸ ਦਾ ਸ਼ਖ਼ਸੀ ਵਿਕਾਸ ਵੀ ਹੋਇਆ ਤੇ ਉਸ ਦੀ ਵਿਚਾਰਧਾਰਾ ਵੀ ਇਕ ਖਾਸ ਦਿਸ਼ਾ ਵਿਚ ਵਿਕਸਿਤ ਹੋਈ। ਨਾਸਿਕ ਦੇ ਨੇੜੇ ਇਕ ਛੋਟੇ ਜਿਹੇ ਪਿੰਡ ਭਾਗਪੁਰ ਵਿਚ 28 ਮਈ 1883 ਨੂੰ ਦਾਮੋਦਰ ਪੰਤ ਸਾਵਰਕਰ ਅਤੇ ਰਾਧਾ ਬਾਈ ਦੇ ਦੂਸਰੇ ਪੁੱਤਰ ਵਜੋਂ ਹੋਇਆ। ਉਸ ਦਾ ਨਾਤਾ ਮਰਾਠਾ ਚਿਤਪਾਵਨ ਬ੍ਰਾਹਮਣਾਂ ਦੇ ਖਾਨਦਾਨ ਨਾਲ ਸੀ, ਜਿਸ ਵਿੱਚੋਂ ਨਾਨਾ ਸਾਹਿਬ ਅਤੇ ਲੋਕਮਾਨਯ ਤਿਲਕ ਵਰਗੇ ਲੋਕ ਪੈਦਾ ਹੋਏ। ਨਾਸਿਕ ਦੇ ਸ਼ਿਵਾਜੀ ਸਕੂਲ ਤੋਂ ਉਸ ਨੇ ਆਪਣੀ ਮੁਢਲੀ ਸਿੱਖਿਆ ਲਈ। ਜਦੋਂ ਵਿਨਾਇਕ 9 ਸਾਲ ਦਾ ਸੀ ਤਾਂ ਉਸ ਦੀ ਮਾਂ ਹੈਜ਼ੇ ਨਾਲ ਕਾਲਵੱਸ ਹੋ ਗਈ। ਕੁਝ ਸਾਲ ਬਾਅਦ ਬਾਪ ਵੀ ਪਲੇਗ ਦੇ ਫੈਲਾਅ ਦਾ ਸ਼ਿਕਾਰ ਹੋ ਗਿਆ। ਸਾਵਰਕਰ ਦੀ ਪੜ੍ਹਾਈ ਲਈ ਵੱਡੇ ਭਰਾ ਗਣੇਸ਼ ਬਾਬਾਰਾਓ ਨੂੰ ਜੱਦੋ-ਜਹਿਦ ਕਰਨੀ ਪਈ। ਇਕ ਸਮਾਧਾਨ ਦੇ ਤੌਰ 'ਤੇ ਉਸ ਦੇ ਪਰਵਾਰ ਨੇ ਇਕ ਅਮੀਰ ਵਿਅਕਤੀ ਰਾਮਚੰਦਰ ਤਰਿਅੰਬਕ ਚਿਪਲੰਕਰ ਦੀ ਬੇਟੀ ਯਮਨਾਬਾਈ ਨਾਲ ਉਸ ਦਾ ਵਿਆਹ ਕਰ ਦਿੱਤਾ। 1901 ਵਿਚ ਕੀਤੇ ਇਸ ਵਿਆਹ ਦੀ ਸ਼ਰਤ ਇਹੀ ਸੀ ਪੰਡਿਤ ਚਿਪਲੰਕਰ ਅਗਲੇਰੀ ਪੜ੍ਹਾਈ ਲਈ ਵਿਨਾਇਕ ਨੂੰ ਖਰਚਾ ਦੇਵੇਗਾ। ਇਸੇ ਸਹਾਰੇ 'ਤੇ ਵਿਨਾਇਕ ਸਾਵਰਕਰ 1902 ਵਿਚ ਪੂਨੇ ਦੇ ਫਰਗੂਸਨ ਕਾਲਜ ਵਿਚ ਦਾਖਲ ਹੋ ਗਿਆ।

ਕਾਲਜ ਵਿਚ ਪੜ੍ਹਾਈ ਸਮੇਂ ਹੀ ਉਸ ਦੇ ਰਾਜਸੀ ਜੀਵਨ ਦਾ ਪਹਿਲਾ ਪੜਾਅ ਸ਼ੁਰੂ ਹੋਇਆ। ਉਸ ਨੇ ਬ੍ਰਾਹਮਣ ਸਭਾ ਤੇ ਹਿੰਦੂ ਮੰਡਲ ਜਿਹੇ ਸੰਗਠਨਾਂ ਦਾ ਪੂਨੇ ਵਿਚ ਕਾਰਜ ਨੇੜਿਓਂ ਦੇਖਿਆ। ਬਰਤਾਨਵੀ ਰਾਜ ਦੇ ਪ੍ਰਭਾਵ ਬਾਰੇ ਵੀ ਵਿਨਾਇਕ ਨੂੰ ਜਾਨਣ ਦਾ ਮੌਕਾ ਉਸੇ ਸਮੇਂ ਹੀ ਮਿਲਦਾ ਹੈ। ਉਹ ਗੰਗਾਧਰ ਤਿਲਕ, ਭੋਪਟਕਰ ਆਦਿ ਕਾਂਗਰਸੀ ਆਗੂਆਂ ਦੇ ਸੰਪਰਕ ਵਿਚ ਆਇਆ ਤੇ ਰਾਜਸੀ ਚੇਤਨਾ ਦੇ ਨਾਲ-ਨਾਲ ਆਜ਼ਾਦੀ ਦੀ ਲਹਿਰ ਤੋਂ ਵੀ ਵਾਕਿਫ਼ ਹੋਇਆ। ਮਈ 1904 ਵਿਚ ਉਸ ਨੇ ਕਾਲਜਾਂ ਦੇ ਨੌਜਵਾਨਾਂ ਨੂੰ ਇਕੱਤਰ ਕਰਕੇ 'ਅਭਿਨਵ ਭਾਰਤ' ਨਾਂਅ ਹੇਠ ਮਿੱਤਰ ਮੇਲਾ ਲਾਉਣਾ ਸ਼ੁਰੂ ਕੀਤਾ। ਇਹ ਸੰਗਠਨ ਅਸਲ ਵਿਚ ਗਰਮ-ਖਿਆਲੀਆਂ ਦਾ ਇਕ ਧੜਾ ਸੀ, ਜਿਸ ਉੱਪਰ ਬਾਲ ਗੰਗਾਧਰ ਤਿਲਕ ਦਾ ਅਮਿੱਟ ਪ੍ਰਭਾਵ ਸੀ। ਇਸ ਸੰਗਠਨ ਨੇ ਆਜ਼ਾਦੀ ਦੇ ਸੰਘਰਸ਼ ਲਈ ਲੋੜ ਪੈਣ 'ਤੇ ਹਥਿਆਰਬੰਦ ਯਤਨਾਂ ਦੀ ਹਮਾਇਤ ਵੀ ਕੀਤੀ। ਕਾਲਜ ਵਿਚ ਤਾਂ ਸਾਵਰਕਰ ਚਾਹੇ ਮਕਬੂਲ ਵਿਦਿਆਰਥੀ ਆਗੂ ਸੀ, ਪਰ ਪ੍ਰੋਫੈਸਰਾਂ ਦੀਆਂ ਅੱਖਾਂ ਵਿਚ ਲਗਾਤਾਰ ਰੜਕਦਾ ਰਿਹਾ। ਫਰਗੁਸਨ ਕਾਲਜ ਉਸ ਸਮੇਂ ਪੜ੍ਹੇ-ਲਿਖੇ ਮਰਾਠਾ ਪਰਵਾਰਾਂ ਦੇ ਬੱਚਿਆਂ ਨੂੰ ਅੰਗਰੇਜ਼ੀ ਜੀਣ-ਢੰਗ ਸਿਖਾਉਣ ਦੀ ਟਕਸਾਲ ਸੀ। ਵਿਨਾਇਕ ਸਾਵਰਕਰ ਨੇ ਸਵਦੇਸ਼ੀ ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਦੇਸੀ ਤਰਜ਼ ਦੇ ਕੱਪੜਿਆਂ ਦੇ ਹੱਕ ਵਿਚ ਨੌਜਵਾਨਾਂ ਨੂੰ ਪ੍ਰੇਰਿਤ ਕਰਨਾ ਸ਼ੁਰੂ ਕੀਤਾ। ਜੋ ਵਿਦਿਆਰਥੀ ਉਸ ਨਾਲ ਜੁੜੇ, ਉਨ੍ਹਾਂ ਦੇ ਅਤੇ ਜੋ ਨਹੀਂ ਜੁੜੇ, ਉਨ੍ਹਾਂ ਦੇ ਮਾਪੇ ਵੀ ਕਾਲਜ ਪ੍ਰਸ਼ਾਸਨ ਕੋਲ ਉਸ ਦੇ ਖਿਲਾਫ ਸ਼ਿਕਾਇਤ ਲੈ ਕੇ ਆਏ। 1905 ਵਿਚ ਸਾਵਰਕਰ ਤੇ ਉਸ ਦੇ ਸਵਦੇਸ਼ੀ ਗਰੁੱਪ ਦੇ ਮਿੱਤਰਾਂ ਨੇ ਵਿਦੇਸ਼ੀ ਬਾਣਿਆਂ ਦੀ ਹੋਲੀ ਜਲਾਈ। ਬੰਗਾਲ ਦੀ ਵੰਡ ਦੇ ਵਿਰੋਧ ਵਿਚ ਉਸ ਦੀ ਅਗਵਾਈ ਵਿਚ ਬਹੁਤ ਵਿਦਿਆਰਥੀ 'ਕੱਠੇ ਹੋਏ ਤੇ ਉਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਵਿਰੁੱਧ ਤਕਰੀਰਾਂ ਕੀਤੀਆਂ। ਕਾਲਜ ਦੇ ਪ੍ਰਿੰਸੀਪਲ ਮਿਸਟਰ ਸਟਨ ਨੇ ਗੁੱਸੇ ਵਿਚ ਆ ਕੇ ਵਿਨਾਇਕ ਨੂੰ 10 ਰੁਪਏ ਦਾ ਜੁਰਮਾਨਾ ਕੀਤਾ। ਨਾਲ ਹੀ ਭਵਿੱਖ ਵਿਚ ਕਿਸੇ ਐਸੀ ਗਤੀਵਿਧੀ ਵਿਚ ਸ਼ਾਮਲ ਹੋਣ 'ਤੇ ਹੋਰ ਸਖਤ ਕਾਰਵਾਈ ਦੀ ਚੇਤਾਵਨੀ ਵੀ ਦਿੱਤੀ। ਸਾਵਰਕਰ ਅੱਗੋਂ ਦੀਆਂ ਆਪਣੀਆਂ ਕਾਰਵਾਈਆਂ ਗੁਪਤ ਤਰੀਕੇ ਨਾਲ ਕਰਨ ਲੱਗਿਆ। ਪਤਾ ਲੱਗਣ 'ਤੇ ਉਸ ਨੂੰ ਕਾਲਜ ਤੇ ਹੋਸਟਲ ਦੋਵਾਂ ਵਿਚੋਂ ਕੱਢ ਦਿੱਤਾ ਗਿਆ। ਏਥੋਂ ਤੱਕ ਕਿ ਸਰਕਾਰ ਨੇ ਉਸ ਦੀ ਬੀ.ਏ. ਦੀ ਡਿਗਰੀ ਵੀ ਖਾਰਜ ਕਰ ਦਿੱਤੀ। ਇਹ ਸਾਵਰਕਰ ਦੀ ਜੱਦੋ-ਜਹਿਦ ਦਾ ਅਰੰਭਲਾ ਦੌਰ ਸੀ, ਜਦੋਂ ਉਹ ਕਾਂਗਰਸ ਦੇ ਰਾਜਸੀ ਵਿਰੋਧ ਦੇ ਦਾਇਰੇ ਦੇ ਅੰਤਰਗਤ ਆਜ਼ਾਦੀ ਸੰਘਰਸ਼ 'ਚ ਸ਼ਾਮਲ ਹੋਇਆ।

ਉਸ ਦੇ ਜੀਵਨ ਦਾ ਅਗਲਾ ਅਹਿਮ ਦੌਰ ਵਿਦੇਸ਼ ਵਿਚ ਸ਼ੁਰੂ ਹੁੰਦਾ ਹੈ। ਬਾਲ ਗੰਗਾਧਰ ਤਿਲਕ ਦੀ ਸਿਫ਼ਾਰਸ਼ 'ਤੇ ਉਸ ਨੂੰ ਲੰਡਨ ਵਸਦੇ ਅਮੀਰ ਭਾਰਤੀ ਸ਼ਿਆਮਜੀ ਕ੍ਰਿਸ਼ਨ ਵਰਮਾ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਦਿੱਤਾ ਜਾਣ ਵਾਲਾ ਵਜ਼ੀਫਾ ਮਿਲਿਆ ਤੇ ਉਹ 1906 ਵਿਚ ਲੰਡਨ ਪੁੱਜ ਗਿਆ। ਲੰਡਨ ਜਾਣ ਤੋਂ ਪਹਿਲਾਂ ਹੀ ਸਾਵਰਕਰ ਨੇ ਭਾਰਤੀ ਆਜ਼ਾਦੀ ਦੇ ਮਾਡਲ ਸੰਬੰਧੀ ਇਤਿਹਾਸ ਵਿੱਚੋਂ ਹਵਾਲੇ ਲੈ ਕੇ ਬਹੁਤ ਸਾਰੀ ਸੋਚ-ਵਿਚਾਰ ਕਰ ਲਈ ਸੀ। ਉਸ ਨੂੰ ਲੱਗਣ ਲੱਗਾ ਸੀ ਕਿ ਫੌਜ ਭਾਰਤ ਵਿਚਲੇ ਬਰਤਾਨਵੀ ਰਾਜ ਦੀ ਚੂਲ ਹੈ। 1857 ਵਿਚ ਅੰਗਰੇਜ਼ਾਂ ਖਿਲਾਫ ਏਡੀ ਬਗਾਵਤ ਫੌਜ ਵਿਚ ਫੈਲੇ ਅਸੰਤੋਖ ਦੇ ਕਾਰਨ ਹੀ ਸੰਭਵ ਹੋਈ ਸੀ। ਫੌਜ ਦੀ ਉਸ ਸਮੇਂ ਦੀ ਹਾਲਤ ਦਾ ਵਿਸ਼ਲੇਸ਼ਣ ਕਰਕੇ ਅਜੋਕੇ ਫੌਜੀਆਂ ਨੂੰ ਅੰਗਰੇਜ਼ਾਂ ਦੀਆਂ ਨੀਤੀਆਂ ਅਤੇ ਸਵੈਰਾਜ ਤੋਂ ਜਾਣੂੰ ਕਰਾਇਆ ਜਾਵੇ ਤਾਂ ਆਜ਼ਾਦੀ ਦੇ ਸੰਘਰਸ਼ ਦਾ ਰਾਹ ਸੌਖਾ ਹੋ ਸਕਦਾ ਹੈ। 1907 ਵਿਚ ਹੀ ਸ਼ਿਆਮਜੀ ਵਰਮਾ ਵੱਲੋਂ ਸਥਾਪਤ ਕੀਤੇ ਲੰਡਨ ਹਾਊਸ ਵਿਚ 1857 ਦੇ ਗਦਰ ਦੀ 50 ਸਾਲਾ ਮਨਾਈ ਗਈ। ਬਹੁਤ ਸਾਰੇ ਭਾਸ਼ਣ ਕਰਵਾਏ ਗਏ ਤੇ ਭਾਰਤੀ ਲੰਡਨ ਵਾਸੀਆਂ ਨੂੰ ਗੁਲਾਮੀ ਦੇ ਬੁਰੇ ਪ੍ਰਭਾਵਾਂ ਤੋਂ ਵਾਕਿਫ਼ ਕਰਾਉਣ ਦਾ ਸਿਲਸਿਲਾ ਚੱਲਿਆ। ਸਾਵਰਕਰ ਨੇ ਇਸੇ ਸਿਲਸਿਲੇ ਵਿਚ ਬਹੁਤ ਸਾਰੇ ਭਾਸ਼ਣ ਦਿੱਤੇ ਅਤੇ 1907 ਵਿਚ ਇਕ ਕਿਤਾਬ ਦਾ ਖਰੜਾ ਤਿਆਰ ਕੀਤਾ। ਪਹਿਲਾਂ ਇਹ ਕਿਤਾਬ ਮਰਾਠੀ ਵਿਚ ਛਪੀ ਤੇ ਫਿਰ ਅੰਗਰੇਜ਼ੀ ਵਿਚ। 'ਇੰਡੀਆ ਜ਼ ਵਾਰ ਆਫ ਇੰਡੀਪੈਂਡੈਂਸ' ਨਾਂਅ ਦੀ ਇਸ ਕਿਤਾਬ ਦੇ ਪ੍ਰਕਾਸ਼ਨ 'ਚ ਬਹੁਤ ਸਾਰੀਆਂ ਦਿੱਕਤਾਂ ਆਈਆਂ। ਭਾਰਤੀ ਕ੍ਰਾਂਤੀਕਾਰੀਆਂ ਦਾ ਦਲ ਇਸ ਕਿਤਾਬ ਨੂੰ ਲੰਡਨ, ਪੈਰਿਸ ਤੇ ਬਰਲਿਨ ਤੋਂ ਛਪਵਾਉਣ ਵਿਚ ਅਸਫਲ ਰਿਹਾ। ਆਖ਼ਿਰਕਾਰ ਇਹ ਕਿਤਾਬ 1908 ਦੇ ਸ਼ੁਰੂ ਵਿਚ ਹਾਲੈਂਡ ਵਿਚ ਛਪ ਕੇ ਸਾਹਮਣੇ ਆਈ। ਵਿਸ਼ੇਸ਼ ਗੱਲ ਇਹ ਸੀ ਕਿ ਇਹ ਕਿਤਾਬ 1857 ਦੇ ਗਦਰ ਨੂੰ ਭਾਰਤੀ ਆਜ਼ਾਦੀ ਦੇ ਪਹਿਲੇ ਸੰਘਰਸ਼ ਵਜੋਂ ਪੇਸ਼ ਕਰਦੀ ਸੀ, ਜੋ ਸਾਂਝੇ ਰੂਪ ਵਿਚ ਹੋਇਆ। ਉਸ ਤੋਂ ਪਹਿਲਾਂ ਦੇ ਅੰਗਰੇਜ਼ੀ ਰਾਜ ਦੀ ਲੁੱਟ ਤੇ ਭਾਰਤੀ ਲੋਕਾਂ ਦੇ ਸਮਾਜਿਕ, ਸੱਭਿਆਚਾਰਕ ਦਮਨ ਨੂੰ ਇਸ ਸੰਘਰਸ਼ ਦਾ ਅਧਾਰ ਬਣਾਇਆ ਗਿਆ ਸੀ, ਜਿਸ ਦੇ ਸਿੱਟੇ ਵਜੋਂ ਲੋਕ ਇਸ ਰਾਜ ਪ੍ਰਬੰਧ ਵਿਰੁੱਧ ਉੱਠ ਖੜੇ ਹੋਏ। ਨਾਲ ਹੀ ਅੰਗਰੇਜ਼ ਇਤਿਹਾਸਕਾਰਾਂ ਵੱਲੋਂ ਬਗਾਵਤ ਕਹਿਣ ਦੇ ਰੁਝਾਨ ਵਿਰੁੱਧ ਭਾਰਤੀ ਲੋਕਾਂ ਦੇ ਸਵੈਰਾਜ ਲਈ ਕੀਤੇ ਯਤਨ ਕਹਿ ਕੇ ਸਾਵਰਕਰ ਨੇ ਅੰਤਰਰਾਸ਼ਟਰੀ ਭਾਈਚਾਰੇ ਦਾ ਧਿਆਨ ਖਿੱਚਿਆ। ਚਾਹੇ ਇਸ ਤੋਂ ਕਈ ਦਹਾਕੇ ਪਹਿਲਾਂ ਕਾਰਲ ਮਾਰਕਸ ਇਸੇ ਤਰਜ਼ 'ਤੇ ਕੁਝ ਲੇਖ ਲਿਖ ਕੇ ਅਮਰੀਕੀ ਅਖਬਾਰ 'ਟ੍ਰਿਬਿਊਨ' ਵਿਚ ਛਪਵਾ ਚੁੱਕਿਆ ਸੀ, ਪਰ ਕਿਸੇ ਭਾਰਤੀ ਵੱਲੋਂ ਮੁਢਲੇ ਸਰੋਤਾਂ ਦੇ ਅਧਾਰ 'ਤੇ ਇਹ ਪਹਿਲੀ ਇਤਿਹਾਸਕ ਕਿਰਤ ਸੀ।

ਇਸੇ ਦੌਰਾਨ ਸਾਵਰਕਰ ਦਾ ਮੇਲ ਮੈਡਮ ਭੀਕਾ ਜੀ ਕਾਮਾ ਨਾਲ ਹੋਇਆ। ਸਾਵਰਕਰ ਨੇ ਪਹਿਲੀ ਵਾਰ ਭਾਰਤੀ ਰਾਸ਼ਟਰੀ ਝੰਡਾ ਤਿਆਰ ਕੀਤਾ ਤੇ ਮੈਡਮ ਕਾਮਾ ਨੇ ਅਗਸਤ 1907 ਵਿਚ ਸਟੁਟਗਾਰਤ, ਜਰਮਨੀ ਵਿਖੇ ਵਿਸ਼ਵ ਸਮਾਜਵਾਦੀ ਕਾਨਫਰੰਸ ਵਿਚ ਇਸ ਝੰਡੇ ਨੂੰ ਸਭ ਦੇ ਸਾਹਮਣੇ ਰੱਖਿਆ। ਵਿਸ਼ੇਸ਼ ਗੱਲ ਇਹ ਸੀ ਕਿ ਇਸ ਝੰਡੇ ਵਿਚ ਹਿੰਦੂ-ਮੁਸਲਿਮ ਏਕਤਾ ਦੇ ਪ੍ਰਤੀਕਾਂ ਵਜੋਂ ਚੰਦ ਤੇ ਸੂਰਜ ਵੀ ਸ਼ਾਮਲ ਸਨ ਤੇ ਵਿਚਕਾਰਲੀ ਕੇਸਰੀ ਪੱਟੀ 'ਤੇ ਦੇਵਨਾਗਰੀ ਵਿਚ ਵੰਦੇ ਮਾਤਰਮ ਲਿਖਿਆ ਹੋਇਆ ਸੀ। ਇਸ ਝੰਡੇ ਦੇ ਪ੍ਰਦਰਸ਼ਨ ਨਾਲ ਭਾਰਤ ਦਾ ਆਜ਼ਾਦੀ ਸੰਗਰਾਮ ਆਲਮੀ ਸਮਾਜਵਾਦੀ ਧਿਰਾਂ ਦੇ ਧਿਆਨ ਵਿਚ ਆਇਆ। ਸਾਵਰਕਰ ਵੀ ਉਸ ਸਮੇਂ ਰੂਸ, ਆਇਰਲੈਂਡ, ਮਿਸਰ ਅਤੇ ਚੀਨ ਦੇ ਸਮਾਜਵਾਦੀ ਕ੍ਰਾਂਤੀਕਾਰੀਆਂ ਦੇ ਸੰਪਰਕ ਵਿਚ ਸੀ। ਉਸ ਨੇ ਭਾਰਤ ਵਿਚ ਬਰਤਾਨਵੀ ਸਾਮਰਾਜਵਾਦ ਦੀ ਲੁੱਟ ਅਤੇ ਜਬਰ ਬਾਰੇ ਬਹੁਤ ਸਾਰਾ ਸਾਹਿਤ ਛਪਵਾ ਕੇ ਵੰਡਿਆ। ਲੰਡਨ ਵਿਚ ਹੀ ਸਾਵਰਕਰ ਨੇ ਵਕਾਲਤ ਦੀ ਡਿਗਰੀ ਪੂਰੀ ਕੀਤੀ, ਪਰ ਉਸ ਦੇ ਖਿਲਾਫ ਬੁਰੀਆਂ ਰਿਪੋਰਟਾਂ ਕਾਰਨ ਲੰਡਨ ਵਿਚ ਵਕਾਲਤ ਕਰਨ ਦੀ ਇਜਾਜ਼ਤ ਨਾ ਮਿਲ ਸਕੀ।

1908 ਵਿਚ ਹੀ ਭਾਰਤ ਦੇ ਘਟਨਾਕ੍ਰਮ ਨੇ ਲੰਡਨ ਹਾਊਸ ਦੀਆਂ ਗਤੀਵਿਧੀਆਂ ਨੂੰ ਧਿਆਨ ਦੇ ਕੇਂਦਰ ਵਿਚ ਲੈ ਆਂਦਾ। ਖੁਦੀ ਰਾਮ ਬੋਸ ਨੇ ਮੁਜ਼ੱਫਰਪੁਰ ਦੇ ਜ਼ਿਲ੍ਹਾ ਮੈਜਿਸਟਰੇਟ ਦੇ ਦਫ਼ਤਰ ਉੱਤੇ ਬੰਬ ਸੁੱਟਿਆ, ਜਿਸ ਵਿਚ ਦੋ ਬਰਤਾਨਵੀ ਔਰਤਾਂ ਦੀ ਮੌਤ ਹੋ ਗਈ। ਬਰਤਾਨਵੀ ਪ੍ਰਸ਼ਾਸਨ ਨੇ ਇਸ ਘਟਨਾ ਨੂੰ ਭਾਰਤ ਵਿਚ ਬਰਤਾਨਵੀ ਲੋਕਾਂ ਵਿਰੁੱਧ ਯੁੱਧ ਵਜੋਂ